# ਵਕਤ ਜੋ ਸਾਡਾ ਨਹੀਂ



ਕੁਲਵਿੰਦਰ ਬੱਛੋਆਣਾ

# ਵਕਤ ਜੋ ਸਾਡਾ ਨਹੀਂ

(ਗ਼ਜ਼ਲ ਸੰਗ੍ਰਹਿ)

# ਵਕਤ ਜੋ ਸਾਡਾ ਨਹੀਂ

ਕੁਲਵਿੰਦਰ ਬੱਛੋਆਣਾ

GRACIOUS

©
Author

Waqt Jo Sada Nahi (Ghazals)
By
Kulwinder Bachhoana
VPO Bachhoana, Teh Budhlada
Distt. Mansa. 151502
Ph- 84277-17867
Email : kulwinderbachhoana@gmail.com
www.facebook.com/kulbachhoana
Instagram : kulwinderbachhoana

ISBN : 978-93-85670-61-9
Year : 2017
Second Edition 2018
Third Edition : 2022
Price : 150 ₹

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : D. K. Fine Art Press

ਮਾਂ
ਬਲਜੀਤ ਕੌਰ
(ਮਰਹੂਮ)
ਦੇ
ਨਾਂ

## ਤਰਤੀਬ


ਦਰਦ ’ਚੋਂ ਊਰਜਾ ਤਲਾਸ਼ਦਾ ਸ਼ਾਇਰ : ਕੁਲਵਿੰਦਰ ਬੱਛੋਆਣਾ 9
ਪਾਠਕਾਂ ਦੇ ਧਿਆਨ ਹਿਤ 12
ਸੁਲਗਦੇ ਰਸਤਿਆਂ ਵਿਚ ਸ਼ਾਮ ਤੀਕਰ ਖ਼ੁਆਰ ਹੋਣਾ ਸੀ 13
ਖੰਭ ਤੜਪਣਗੇ, ਜਦੋਂ ਤੱਕ ਪਿੰਜਰੇ ਖੁਲ੍ਹਦੇ ਨਹੀਂ 14
ਤਿੜਕੇ ਬੂਹੇ ਬਿਰਧ ਦੀਵਾਰਾਂ ਨੂੰ ਕਾਹਦਾ ਧਰਵਾਸ 15
ਨ੍ਹੇਰ ਦੀ ਛਾਤੀ ’ਤੇ ਸੂਹੀ ਲੀਕ ਪਾ ਕੇ ਦੇਖੀਏ 16
ਚੜ੍ਹੀ ਜੋ ਜ਼ਿਹਨ ’ਤੇ ਖ਼ੁਸ਼ਫ਼ਹਿਮੀਆਂ ਦੀ ਪਾਣ ਲਾਹ ਦੇਵੇ 17
ਝੱਖੜ ਹਜ਼ਾਰਾਂ ਸਹਿ ਕੇ ਹੁੰਦੀਆਂ ਜਵਾਨ ਫ਼ਸਲਾਂ 18
ਕੱਲ੍ਹ ਜਿਨ੍ਹਾਂ ਨੂੰ ਰੋਟੀ ਨਾ ਵਸਤਰ ਮਿਲੇ 19
ਪਛਾਣੇਂਗਾ ਕਦ ਆਪਣੇ ਮਨ ਦੀ ਤਾਕਤ 20
ਇਹਨਾਂ ਦੇ ਨੂਰ ਸਾਹਵੇਂ ਨ੍ਹੇਰ ਛਿੱਥੇ ਪੈਣਗੇ ਆਖ਼ਰ 22
ਜੜਾਂ ਮਿੱਟੀ ’ਚ ਹੀ ਰੱਖੀਂ ਚੁਗਿਰਦੇ ਨਾਲ ਵਾਹ ਰੱਖੀਂ 23
ਹੈ ਉਦਾਸੀ ਦਿਲ ’ਚ ਭਾਵੇਂ ਪਰ ਕੋਈ ਮਾਤਮ ਨਹੀਂ 24
ਡਾਢਿਆਂ ਦੀ ਹਰ ਵਧੀਕੀ ਮਾਫ਼ ਹੈ 25
ਹੋਠਾਂ ਦੇ ਉੱਤੇ ਮੋਹ ਦੀ ਬਲ਼ਦੀ ਪਿਆਸ ਧਰ ਕੇ 26
ਤੇਰੀ ਪੁਸਤਕ ਦਾ ਇਕ ਪੰਨਾ ਹੀ ਹਾਲੇ ਪਰਤਿਆ ਹੈ 27
ਸਹੁੰ ਤੇਰੀ ਜੇ ਜ਼ਿਕਰ ਤੇਰੇ ਜਾਣ ਦਾ ਕਿਧਰੇ ਕਰਾਂ 28
ਸਾਡੀ ਪਿਆਸ ਦੇ ਜੋ ਸੀ ਹਾਣੀ 29

ਘਰਦਿਆਂ ਨੇ ਖ਼ੂਬ ਕਰ ਕੇ ਦੇਖੇ ਭਾਵੇਂ ਇੰਤਜ਼ਾਮ 30
ਸਮੁੰਦਰ 'ਤੇ ਜਦੋਂ ਛਾਈ ਘਟਾ ਘਨਘੋਰ ਹੋਵੇਗੀ 32
ਝਨਾਂ ਸਤਲੁਜ ਦਾ ਜਦ ਇਕ ਦੂਜੇ ਕੋਲ਼ੋਂ ਲੰਘਿਆ ਪਾਣੀ 33
ਔਹ ਜਿਸ ਥਾਂ 'ਤੇ ਉੱਗੀ ਗੀਤਾਂ ਦੀ ਕੰਡਿਆਲ਼ੀ ਝਾੜੀ 34
ਤੂੰ ਫੁੱਲ ਦੀ ਥਾਂ ਭਾਵੇਂ ਆਜੀਂ ਕਟਾਰ ਲੈ ਕੇ 35
ਜ਼ਿੰਦਗੀ ਹੈ ਇਕ ਐਸੀ ਕੁੜੀ ਵਾਂਗਰਾਂ 36
ਸੁਨਹਿਰੀ ਸਿੱਕਿਆਂ ਦੇ ਚੌਖਟੇ ਅੰਦਰ ਖ਼ੁਦੀ ਧਰ ਕੇ 38
ਕਹਿਰ ਦੇ ਸਰਦ ਮੌਸਮ ਤੋਂ ਲਹੂ ਤੀਕਰ ਠਰੇ ਹੋਏ 39
ਹੋਂਦ ਮਿਟਾ ਨਾ ਸਕਦੇ ਰੁੱਖੇ ਮੌਸਮ ਪੌਣਾਂ ਤੇਜ਼ 40
ਸੌ ਦਰਵਾਜ਼ੇ ਬੰਦ ਕਰੀਂ ਤੂੰ ਲੱਖਾਂ ਪਰਦੇ ਤਾਣੀਂ 41
ਕਿਹਾ ਉਸਨੇ ਜੋ ਮੂੰਹ ਆਇਆ ਜੋ ਹੱਥ ਆਇਆ ਵਗਾਹ ਦਿੱਤਾ 42
ਵਰ੍ਹਦੀ ਅੱਗ 'ਚ ਨਾਲ ਤੁਰੇ ਜੋ ਰਾਹਾਂ ਦੇ 43
ਮੁਸਾਫ਼ਰ ਮੁੜ ਆਏ ਬਲਾਵਾਂ ਤੋਂ ਡਰ ਕੇ 44
ਕੀ ਹੈ ਤੇਰਾ ਸ਼ਹਿਰ ਜਿੱਥੇ ਖ਼ੂਬ ਨੇ ਨਹਿਰਾਂ ਤਲਾਬ 45
ਉਹ ਬੁੱਢੇ ਹੋ ਗਏ ਲੋਕਾਂ ਨੂੰ ਸ਼ੀਸ਼ੇ ਵੇਚਦੇ ਹੋਏ 46
ਨ੍ਹੇਰੇ 'ਚ ਡੁੱਬੇ ਸ਼ਹਿਰ ਨੂੰ ਕੁਝ ਆਸਰਾ ਦਿਆਂ 48
ਅਜੇ ਆਗ਼ਾਜ਼ ਹੈ ਅੰਜਾਮ 'ਤੇ ਵੀ ਪਹੁੰਚਣਾ ਹੈ 49
ਤੂੰ ਕਿਹੜੇ ਖਲਾਵਾਂ 'ਚ ਭਟਕੇਂ ਨੀ ਜਿੰਦੇ 50
ਰੁੱਖ ਪਹਿਨ ਕੇ ਸਾਵੇ ਵਸਤਰ ਸਜ ਗਏ ਫੱਗਣ ਮਾਹ ਦੀ ਰੁੱਤੇ 51
ਮੇਰੀ ਐਲਬਮ ਦੀਆਂ ਤਸਵੀਰਾਂ ਵਿਚ ਵੀ ਮੈਂ ਨਹੀਂ ਹਾਂ ਹੁਣ 52
ਅੱਜਕੱਲ੍ਹ ਆਪਾਂ ਜ਼ਖ਼ਮਾਂ 'ਚੋਂ ਵੀ ਲੱਭ ਲਈਦੇ ਹਾਸੇ 53
ਸੁਗੰਧਾਂ ਝਰਨਿਆਂ ਹਰਿਆਲੀਆਂ ਦਾ 54
ਭਿਆਨਕ ਵਕਤ ਹੀ ਦਿਸਿਆ ਹੈ ਜਦ-ਜਦ ਵੀ ਘੜੀ ਦੇਖੀ 55
ਅਸਾਨੂੰ ਖ਼ੌਫ਼ ਨਾ ਕੋਈ ਅਸਾਡੇ ਦੁਸ਼ਮਣਾਂ ਤੋਂ 56
ਅੱਖ 'ਚ ਪਾਇਆ ਵੀ ਨਾ ਤੈਨੂੰ ਰੜਕਾਂਗਾ 57

ਅਸਾਡੀ ਤੇਹ ਅਧੂਰੀ ਹੈ ਜਾਂ ਫਿਰ ਮੌਸਮ ਦੀ ਰੰਜਿਸ਼ ਹੈ 58
ਖੇਤਾਂ ਅੰਦਰ ਸਾਵੀ ਰੰਗਤ ਦੂਰ ਤੀਕ ਲਹਿਰਾਵੇ 59
ਅਣਹੋਣੀਆਂ ਨੇ ਲੁਕੀਆਂ ਜੇਕਰ ਦਰਾਂ ਦੇ ਓਹਲੇ 60
ਮੇਰੇ ਸ਼ਿਅਰਾਂ 'ਚ ਡੂੰਘੇ ਜ਼ਖ਼ਮ ਵੀ ਨੇ 61
ਵਕਤ ਦਾ ਹੱਲਾ ਸੀ ਕੁਝ ਏਨਾ ਕਰੂਰ 62
ਤੂੰ ਸ਼ਰਧਾ ਦੀ ਐਨਕ ਲਾ ਕੇ ਬੋਦੇ ਗ੍ਰੰਥ ਫਰੋਲ ਰਿਹਾ 63
ਫੁੱਲਾਂ ਦੀ ਥਾਂ ਟੁਕੜੇ-ਟੁਕੜੇ ਹੋਏ ਅਪਣੇ ਖ਼ਾਬ ਵਿਛਾ ਕੇ 64
ਜੋ ਦਿਲ ਦੀ ਕਿਆਰੀ ਤੋਂ ਰੂਹ ਤੀਕ ਹੋਏ 65
ਦੋਸਤਾਂ ਖ਼ਾਤਰ ਤਲ਼ੀ 'ਤੇ ਜਾਨ ਹਾਜ਼ਰ ਹੈ 66
ਜਿੱਤਾਂ ਦਾ ਹੰਕਾਰ ਕਿਤੇ ਅੰਧਕਾਰ ਨਾ ਕਰਦੇ ਮੱਥੇ 'ਤੇ 67
ਰਹਿਣ ਬੇਗਾਨਗੀ ਵਿੱਚ ਧੁੱਪਾਂ ਛਾਵਾਂ 68
ਚਲੋ ਜੇ ਖ਼ਤ ਨਹੀਂ ਕੋਰਾ ਸਫ਼ਾ ਹੀ ਦੇ ਦਿਓ 70
ਆਪਣੇ ਵਿਚਕਾਰਲੀ ਟੁੱਟੀ ਜਦੋਂ ਬਾਰੀਕ ਤਾਰ 71
ਸ਼ਹਿਰ ਤਾਂ ਦਿਨ ਰਾਤ ਤੇਰੇ ਸਾਹਮਣੇ ਬਲ਼ਦਾ ਰਿਹਾ 72
ਏਸ ਤਰਾਂ ਦੇ ਰਾਹੀ ਬਣਿਆਂ ਮੰਜ਼ਿਲ ਮਿਲਣੀ ਅੱਤ ਮੁਹਾਲ 73
ਕੀ ਫਾਇਦਾ ਹੈ ਪੂਰਬ ਦੇ ਮੱਥੇ ਖੜ੍ਹੇ ਦਾ 74
ਸਿਲ ਪੱਥਰਾਂ ਦੇ ਮਹਿਲ ਮੁਨਾਰੇ ਢਹਿੰਦੇ-ਢਹਿੰਦੇ ਢਹਿ ਗਏ ਹੋਣੇ 75
ਗਵਾ ਕੇ ਬਹੁਤ ਕੁਝ ਤੇ ਕੱਲਿਆਂ ਕੁਰਲਾਉਣ ਤੋਂ ਪਹਿਲਾਂ 76
ਨਿਰੰਕੁਸ਼ ਹੁਕਮ ਤੋਂ ਰੂਹ ਆਪਣੀ ਆਜ਼ਾਦ ਕਰਦਾ ਹਾਂ 77
ਨਿਪੱਤਰੇ ਬੂਟਿਆਂ 'ਤੇ ਕੀ ਗਿਲਾ ਹੈ 78
ਦੁਨੀਆਦਾਰੀਓਂ ਵਿਹਲਾ ਹੋ ਕੇ ਹਰਫ਼ਾਂ ਕੋਲ਼ੇ ਬਹਿ ਨਾ ਸਕਿਆ 79

## ਦਰਦ 'ਚੋਂ ਊਰਜਾ ਤਲਾਸ਼ਦਾ ਸ਼ਾਇਰ : ਕੁਲਵਿੰਦਰ ਬੱਛੋਆਣਾ

ਪਿਛਲੇ ਥੋੜ੍ਹੇ ਸਾਲਾਂ ਵਿਚ ਬਹੁਤ ਸਾਰੇ ਪ੍ਰਤਿਭਾਵਾਨ ਕਵੀਆਂ ਨੇ ਗ਼ਜ਼ਲ ਜਿਹੀ ਪਿਆਰੀ ਕਾਵਿ ਵਿਧਾ ਬੜੀ ਸ਼ਿੱਦਤ ਨਾਲ ਅਪਣਾਈ ਹੈ। ਇਹਨਾਂ ਸ਼ਾਇਰਾਂ ਦੀ ਸੰਵੇਦਨਾ ਵਿਧੀ ਵਿਧਾਨ ਦੇ ਕਿਨਾਰਿਆਂ ਵਿਚ ਵਹਿੰਦੀ ਹੋਈ ਪਾਠਕਾਂ ਦੀ ਪਿਆਸ ਤੱਕ ਜਾ ਰਹੀ ਹੈ। ਅੱਜ ਦੇ ਸ਼ਾਇਰ ਜਾਣਦੇ ਹਨ ਕਿ ਉਹਨਾਂ ਨੇ ਕੀ ਤੇ ਕਿਵੇਂ ਲਿਖਣਾ ਹੈ। ਕੁਲਵਿੰਦਰ ਬੱਛੋਆਣਾ ਅਜਿਹਾ ਹੀ ਸਮਰੱਥ ਗ਼ਜ਼ਲਕਾਰ ਹੈ ਜੋ ਅਪਣੇ ਵਿਸ਼ੇ ਬਾਰੇ ਤਾਂ ਸਪੱਸ਼ਟ ਹੈ ਹੀ, ਇਸ ਦੇ ਨਿਭਾਅ ਬਾਰੇ ਵੀ ਓਨਾ ਹੀ ਜਾਗਰੂਕ ਹੈ।

ਕੁਲਵਿੰਦਰ ਨੇ ਜਨਾਬ ਸੁਲੱਖਣ ਸਰਹੱਦੀ ਹੋਰਾਂ ਕੋਲੋਂ ਅਰੂਜ਼ੀ ਸਿੱਖਿਆ ਹਾਸਲ ਕਰਨ ਮਗਰੋਂ ਲਗਾਤਾਰ ਅਧਿਐਨ ਤੇ ਅਭਿਆਸ ਨਾਲ ਗ਼ਜ਼ਲ ਦੇ ਬਹੁਤ ਸਾਰੇ ਭੇਦ ਜਾਣ ਲਏ ਨੇ। ਉਹ ਵਿਗਿਆਨਕ ਸੋਚ ਨੂੰ ਪ੍ਰਣਾਇਆ ਹੋਇਆ ਖੁੱਲ੍ਹੇ ਦਿਲ ਦਿਮਾਗ ਵਾਲਾ ਕਲਮਕਾਰ ਹੈ। ਸਮਕਾਲੀ ਵਰਤਾਰਿਆਂ ਦੇ ਸਨਮੁੱਖ ਹੁੰਦਿਆਂ ਉਸਦੇ ਕਵੀ ਮਨ ਨੂੰ ਜੋ ਝਟਕੇ, ਤਰੰਗਾਂ, ਛੋਹਾਂ ਮਿਲੀਆਂ, ਉਹ ਖ਼ੂਬਸੂਰਤ ਸ਼ਿਅਰਾਂ ਵਿਚ ਢਲ਼ ਗਈਆਂ। ਉਹ ਅਪਣੀ ਖ਼ੁਰਦਬੀਨੀ ਨਜ਼ਰ ਨਾਲ ਵਿਚਾਰਾਂ ਦੇ ਵਾਯੂਮੰਡਲ ਵਿਚ ਫੈਲੀ ਧੁੰਦ ਦੇ ਪਰਲੇ ਪਾਰ ਸਾਫ਼ ਦੇਖਦਾ ਹੈ।

ਮੁਢਲੇ ਦੌਰ ਵਿਚ ਹੀ ਕੁਲਵਿੰਦਰ ਦੀ ਗ਼ਜ਼ਲ ਜ਼ਿਕਰ ਦੀ ਨਹੀਂ, ਫ਼ਿਕਰ ਦੀ ਗੱਲ ਕਰਦੀ ਹੈ। ਨਮੂਨੇ ਵਜੋਂ ਕੁਝ ਸ਼ਿਅਰ ਨਜ਼ਰ ਨੇ :

ਦਰਦ ਦੀ ਕੋਈ ਦਵਾਈ ਵੀ ਨਹੀਂ ਜੇ ਕਾਰਗਰ
ਦਰਦ ਨੂੰ ਹੀ ਸਿਰਜਣਾ ਕਿਉਂ ਨਾ ਬਣਾ ਕੇ ਦੇਖੀਏ

ਸ਼ਹਿਰ ਤਾਂ ਦਿਨ ਰਾਤ ਤੇਰੇ ਸਾਹਮਣੇ ਬਲ਼ਦਾ ਰਿਹਾ
ਕਾਲ਼ਿਆ ਬੱਦਲਾ ਵੇ ਤੂੰ ਕੀ ਸੋਚ ਕੇ ਟਲ਼ਦਾ ਰਿਹਾ

ਭੁਜਦੇ ਮਾਰੂਥਲ ਦੇ ਹਿੱਸੇ ਇਕ ਕਤਰਾ ਨਾ ਆਇਆ
ਇੱਕ ਸਮੁੰਦਰ ਡੀਕ ਗਿਆ ਹੈ ਸੌ ਨਦੀਆਂ ਦਾ ਪਾਣੀ

ਕੁਲਵਿੰਦਰ ਦੀ ਗ਼ਜ਼ਲ ਉੱਤੇ ਮਾਲਵੇ ਦੇ ਕਿਰਸਾਨੀ ਧਰਾਤਲ ਦੀ ਗੂੜ੍ਹੀ ਰੰਗਤ ਚੜ੍ਹੀ ਹੋਈ ਹੈ। ਇਹ ਰੰਗਤ ਉਸਨੂੰ ਹੋਰਨਾਂ ਕਵੀਆਂ ਨਾਲੋਂ ਵਖਰਿਆਉਂਦੀ ਹੈ। ਉਸਦੀ ਇਕ ਗ਼ਜ਼ਲ ਦੇ ਮਿੱਟੀ ਨਾਲ ਜੁੜੇ ਹੋਏ ਕੁੱਝ ਸ਼ਿਅਰ ਇਸ ਤਰਾਂ ਹਨ :

ਰੁੱਖ ਪਹਿਨ ਕੇ ਸਾਵੇ ਵਸਤਰ ਸਜ ਗਏ ਫੱਗਣ ਮਾਹ ਦੀ ਰੁੱਤੇ
ਪੌਣ ਵੀ ਪੌਹਚੇ ਚੱਕ-ਚੱਕ ਤੁਰਦੀ ਸੁਰਖ ਫੁੱਲਾਂ ਦੇ ਵਿਆਹ ਦੀ ਰੁੱਤੇ

ਅਪਣੇ ਅੰਦਰੋਂ ਮਿੱਟੀ ਵਰਗੀ ਖ਼ੁਸ਼ਬੂ ਆਉਂਦੀ ਜਾਪੇ ਓਦੋਂ
ਪੋਹ ਦੀ ਬਾਰਿਸ਼ ਵਰਗੇ ਸੱਜਣ ਮਿਲਣ ਜਦੋਂ ਕਰਸਾਹ ਦੀ ਰੁੱਤੇ

ਜੇ ਆਉਣਾ ਹੈ ਸੱਜਣ ਜੀ ਤਾਂ ਕਣਕਾਂ ਬੀਜਣ ਵੇਲੇ ਆਇਓ
ਹੈ ਸਾਡੇ ਮਜ਼ਦੂਰਾਂ ਕੋਲ਼ੇ ਕਿੱਥੇ ਵਕਤ ਕਪਾਹ ਦੀ ਰੁੱਤੇ

ਪੇਂਡੂ ਅਰਥਚਾਰੇ ਨਾਲ ਸਬੰਧਤ ਉਸਦੇ ਹੋਰ ਵੀ ਕਈ ਖ਼ੂਬਸੂਰਤ ਸ਼ਿਅਰ ਹਨ। ਕਈ ਵਾਰ ਇੱਕ ਸ਼ਬਦ ਹੀ ਸ਼ਿਅਰ ਨੂੰ ਵਿਲੱਖਣ ਬਣਾ ਦਿੰਦਾ ਹੈ:

ਪਾਣੀ ਮੁੱਠੀ ਵਿੱਚ ਨਾ ਰਹਿੰਦਾ ਰੇਤ ਦੇ ਘਰ ਨਾ ਬਣਦੇ
ਪੌਣ ਕਦੇ ਨਾ ਜਾਂਦੀ **ਮੱਲਾ** ਪੈਰਾਂ ਹੇਠ ਲਿਤਾੜੀ

ਕੁਲਵਿੰਦਰ ਦੇ ਸ਼ਿਅਰਾਂ ਵਿਚ ਮਾਨਵੀ ਸਰੋਕਾਰਾਂ ਦੇ ਅਨੇਕ ਰੰਗਾਂ ਦੇ ਝਲਕਾਰੇ ਮਿਲਦੇ ਹਨ। ਕਿਤੇ ਇਹ ਤਾਜ਼ੀ ਬਰਫ਼ਬਾਰੀ ਵਾਂਗ ਨਰਮ ਸਫੈਦ ਹੁੰਦੇ ਹਨ ਅਤੇ ਕਿਤੇ ਮੈਦਾਨ ਏ ਜੰਗ ਦੀ ਭਿਆਨਕਤਾ ਵਾਲੀ ਸੁਰਖ ਭਾਅ ਮਾਰਦੇ ਨੇ। ਫੇਰ ਵੀ ਕਿਸੇ ਅਹਿਸਾਸ ਦੀ ਪੇਸ਼ਕਾਰੀ ਵੇਲੇ ਉਹ ਨਾ ਤਾਂ ਉਲਾਰ ਹੁੰਦਾ ਹੈ ਤੇ ਨਾ ਹੀ ਕਾਵਿਕ ਸੁਹਜ ਨੂੰ ਗੁਆਚਣ ਦਿੰਦਾ ਹੈ। ਜਿੱਥੇ ਉਹਦੀ ਗ਼ਜ਼ਲ ਵਿਵਸਥਾ ਉੱਤੇ ਵਦਾਣੀ ਸੱਟ ਮਾਰਦੀ ਹੈ ਉਥੇ ਦੰਭੀ ਰਹਿਬਰਾਂ ਨੂੰ ਵੀ ਬੇਪਰਦ ਕਰਦੀ ਹੈ:

ਪਹਿਲਾਂ ਨਾਲੋਂ ਮੁਸ਼ਕਲ ਹੋ ਗਈ ਦੁਸ਼ਮਣ ਦੀ ਪਹਿਚਾਣ
ਭਗਤ ਸਿੰਘ ਦੀ ਯਾਦ 'ਚ ਮੇਲੇ ਲਾਉਂਦੇ ਹੁਣ ਅੰਗਰੇਜ਼

ਉਹ ਬੁੱਢੇ ਹੋ ਗਏ ਲੋਕਾਂ ਨੂੰ ਸ਼ੀਸ਼ੇ ਵੇਚਦੇ ਹੋਏ
ਨਹੀਂ ਪਰ ਖ਼ੁਦ ਕਦੇ ਵੀ ਸ਼ੀਸ਼ਿਆਂ ਦੇ ਸਾਹਮਣੇ ਹੋਏ

ਉਸਦੀ ਗ਼ਜ਼ਲ ਵਕਤ ਦੇ ਮੱਥੇ ਉੱਤੇ ਉੱਕਰੀ ਜ਼ਖ਼ਮੀ ਇਬਾਰਤ ਹੈ। ਉਹਦੀ ਤੀਜੀ ਅੱਖ ਖ਼ਾਬਾਂ ਦੇ ਪੈਰਾਂ ਵਿਚ ਅਣਦਿਸਦੀਆਂ ਜ਼ੰਜੀਰਾਂ ਦੇਖਦੀ ਹੈ। ਉਹਨੂੰ ਸ਼ਬਦਾਂ ਦੀਆਂ ਆਹਾਂ ਸੁਣਾਈ ਦਿੰਦੀਆਂ ਹਨ। ਉਹਦਾ ਬਿਆਨ ਹੈ :

ਮੇਰੇ ਸ਼ਿਅਰਾਂ 'ਚ ਡੂੰਘੇ ਜ਼ਖ਼ਮ ਵੀ ਨੇ
ਤੇ ਮੱਲ੍ਹਮ ਵਰਗੇ ਵੀ ਅਹਿਸਾਸ ਨੇ ਕੁਝ
ਸਮਝ ਆਉਣਾ ਨਹੀਂ ਕੁਝ ਵੀ ਤੁਹਾਨੂੰ
ਜੇ ਆਹਾਂ ਦੇ ਤੁਸੀਂ ਪਾਠਕ ਨਹੀਂ ਹੋ

ਪੰਜਾਬੀ ਗ਼ਜ਼ਲ ਦਾ ਭਵਿੱਖ ਕੁਲਵਿੰਦਰ ਬੱਛੋਆਣਾ ਜਿਹੇ ਸ਼ਾਇਰਾਂ ਦੇ ਹੱਥਾਂ ਵਿਚ ਸੁਰੱਖਿਅਤ ਹੈ। ਇਹ ਪੁਸਤਕ ਮੇਰੇ ਵਿਸ਼ਵਾਸ ਦੀ ਜਾਮਨ ਬਣੇਗੀ।

–ਜਸਵਿੰਦਰ
ਸਰੀ
(ਕਨੇਡਾ)

## ਪਾਠਕਾਂ ਦੇ ਧਿਆਨ ਹਿਤ

ਰਚਨਾਕਾਰ ਅਪਣੀ ਸਿਰਜਣਾ ਨੂੰ ਲੋਕਾਂ ਸਾਹਮਣੇ ਲਿਆਉਣ ਤੱਕ ਲਗਾਤਾਰ ਸੰਵਾਰਦਾ ਰਹਿੰਦਾ ਹੈ। ਸ਼ਾਇਦ ਇਹ ਪ੍ਰਕਿਰਿਆ ਉਸ ਤੋਂ ਬਾਦ ਵੀ ਕਿਤੇ ਨਾ ਕਿਤੇ ਜਾਰੀ ਰਹਿੰਦੀ ਹੈ। ਪੁਸਤਕ ਦਾ ਪਹਿਲਾ ਐਡੀਸ਼ਨ ਛਪਣ ਤੋਂ ਬਾਦ ਜਦੋਂ ਕਦੇ ਗਾਹੇ-ਬਗਾਹੇ ਮੈਂ ਅਪਣੇ ਸ਼ੇਅਰਾਂ ਨੂੰ ਪੜ੍ਹਿਆ/ਵਿਚਾਰਿਆ ਤਾਂ ਲੱਗਿਆ ਕਿ ਕੁਝ ਥਾਵਾਂ 'ਤੇ ਅਜੇ ਵੀ ਸੋਧ ਦੀ ਗੁੰਜਾਇਸ਼ ਹੈ। ਸੋ ਕੁਝ ਸ਼ੇਅਰਾਂ ਵਿਚ ਬਹੁਤ ਜ਼ਰੂਰੀ ਥਾਵਾਂ 'ਤੇ ਸੋਧ ਕੀਤੀ ਹੈ। ਹਾਲਾਂਕਿ ਪਾਠਕ ਲਈ ਇਹ ਸਥਿਤੀ ਥੋੜ੍ਹੀ ਉਲਝਣ ਵਾਲੀ ਹੋ ਸਕਦੀ ਹੈ ਜਦੋਂ ਉਹ ਆਪਣੇ ਕਿਸੇ ਮਨਪਸੰਦ ਸ਼ੇਅਰ ਨੂੰ ਨਵੇਂ ਰੂਪ ਵਿਚ ਲਿਖਿਆ ਦੇਖੇਗਾ। ਇਸ ਸਭ ਨੂੰ ਧਿਆਨ ਵਿਚ ਰਖਦੇ ਹੋਏ ਮੈਂ ਪਾਠਕ/ਆਲੋਚਕ ਨੂੰ ਇਹਨਾਂ ਸ਼ੇਅਰਾਂ ਦੇ ਨਵੇਂ ਸੰਵਾਰੇ ਰੂਪ ਨੂੰ ਹੀ ਅਪਣਾਉਣ ਦੀ ਸਲਾਹ ਦਿੰਦਾ ਹਾਂ।

ਲੇਖਕ

ਪਕ ਗਈ ਹੈਂ ਆਦਤੇਂ, ਬਾਤੋਂ ਸੇ ਸਰ ਹੋਂਗੀ ਨਹੀਂ,
ਕੋਈ ਹੰਗਾਮਾ ਕਰੋ, ਐਸੇ ਗੁਜ਼ਰ ਹੋਗੀ ਨਹੀਂ।
-ਦੁਸ਼ਯੰਤ ਕੁਮਾਰ

※

ਸੁਲਗਦੇ ਰਸਤਿਆਂ ਵਿਚ ਸ਼ਾਮ ਤੀਕਰ ਖ਼ੁਆਰ ਹੋਣਾ ਸੀ
ਸੁਵਖਤੇ ਫਿਰ ਮੈਂ ਐਸੇ ਹੀ ਸਫ਼ਰ ਲਈ ਤਿਆਰ ਹੋਣਾ ਸੀ

ਸਤਾਏ ਔੜ ਦੇ ਧੁੱਪਾਂ ਦੇ ਆਖ਼ਰ ਬਣ ਗਏ ਕੈਕਟਸ
ਜੇ ਨਖਲਿਸਤਾਨ ਵਿਚ ਹੁੰਦੇ ਅਸੀਂ ਕਚਨਾਰ ਹੋਣਾ ਸੀ

ਜੇ ਗਮਲੇ ਦੀ ਜਗ੍ਹਾ ਇਸ ਨੂੰ ਕਿਆਰੀ ਵਿੱਚ ਲਾ ਲੈਂਦਾ
ਤੇਰੇ ਅਮਰੂਦ ਨੇ ਹੁਣ ਤੀਕ ਤਾਂ ਫ਼ਲਦਾਰ ਹੋਣਾ ਸੀ

ਉਹਨਾਂ ਨੇ ਖੋਹ ਲਿਆ ਹੱਥਾਂ 'ਚੋਂ ਮੇਰਾ ਸਾਜ਼, ਇਹ ਕਹਿ ਕੇ
'ਹਕੂਮਤ ਵਾਸਤੇ ਇਸ ਨੇ ਕਦੇ ਹਥਿਆਰ ਹੋਣਾ ਸੀ'

ਨਾ ਉਸ ਦਾ ਰੋਹ ਬਣਾ ਸਕਿਆ ਨਾ ਸੜਿਆਂ 'ਤੇ ਲਿਆ ਸਕਿਆ
ਭਟਕਦੇ ਦਰਦ ਨੇ ਹੰਝੂ ਤਾਂ ਆਖ਼ਰਕਾਰ ਹੋਣਾ ਸੀ

•

ਖੰਭ ਤੜਪਣਗੇ, ਜਦੋਂ ਤੱਕ ਪਿੰਜਰੇ ਖੁਲ੍ਹਦੇ ਨਹੀਂ
ਕੈਦ ਹੋ ਕੇ ਵੀ ਪਰਿੰਦੇ ਉੱਡਣਾ ਭੁਲਦੇ ਨਹੀਂ

ਪੁੱਛਦਾ ਰੰਗਾਂ ਨੂੰ ਅਕਸਰ ਹੀ ਲਲਾਰੀ ਅੱਕਿਆ
ਜ਼ਿੰਦਗੀ ਮੇਰੀ 'ਚ ਬੇਰਹਿਮੋ ਕਿਉਂ ਘੁਲ਼ਦੇ ਨਹੀਂ

ਹੰਝੂਆਂ ਵਾਂਗੂੰ ਕਈ ਰਿਸ਼ਤੇ ਨੇ ਪਲਕੀਂ ਲਟਕਦੇ
ਜੋ ਬਣੇ ਮੋਤੀ ਵੀ ਨਾ, ਮਿੱਟੀ 'ਚ ਵੀ ਡੁਲ੍ਹਦੇ ਨਹੀਂ

ਵਕਤ ਦੇ ਸੰਗ ਜ਼ਖ਼ਮ ਵੀ ਭਰਦੇ ਨੇ ਘਟਦੈ ਦਰਦ ਵੀ
ਉਮਰ ਲੰਘ ਜਾਂਦੀ ਹੈ ਪਰ ਕੁਝ ਹਾਦਸੇ ਭੁਲਦੇ ਨਹੀਂ

ਰੜਕਦੇ ਮੰਡੀ ਦੀ ਅੱਖ ਅੰਦਰ ਉਹ ਸਾਰੇ ਲੋਕ ਹੀ
ਵਸਤੂਆਂ ਵਾਂਗੂੰ ਕਿਸੇ ਕੀਮਤ 'ਤੇ ਜੋ ਤੁਲਦੇ ਨਹੀਂ

✻

ਤਿੜਕੇ ਬੂਹਿਆਂ ਬਿਰਧ ਦੀਵਾਰਾਂ ਨੂੰ ਕਾਹਦਾ ਧਰਵਾਸ
ਘਰ ਦੀ ਰੌਣਕ ਸਨ ਜੋ ਕਰ ਗਏ ਉਮਰਾਂ ਲਈ ਪਰਵਾਸ

ਮੇਰੇ ਪਿੰਡ ਵਿਚ ਰਹਿੰਦੇ ਕਿੰਨੇ ਹੀ ਅਣਗੌਲ਼ੇ ਰਾਮ
ਅਪਣੇ-ਅਪਣੇ ਘਰ ਵਿਚ ਜਿਹੜੇ ਭੋਗ ਰਹੇ ਬਨਵਾਸ

ਓਸ ਨਦੀ ਨੇ ਤਾਂ ਨਈਂ ਕੀਤਾ ਪਾਣੀ ਤੋਂ ਇਨਕਾਰ
ਮੇਰੇ ਅੰਦਰ ਮਾਰੂਥਲ ਸੀ ਬੁਝਦੀ ਕਿੰਝ ਪਿਆਸ

ਆਪਾਂ ਤਾਂ ਖੇਤਾਂ ਵਿਚ ਬੀਜੇ ਸਨ ਸੱਧਰਾਂ ਦੇ ਬੀਜ
ਜ਼ਹਿਰੀ ਰੁੱਤ ਕੀ ਕਰ ਗਈ ਖੌਰੇ, ਉੱਗ ਪਈ ਸਲਫਾਸ

ਮਾਂ ਹੀ ਵਾਪਸ ਆ ਜਾਵੇ ਬਸ ਕੀ ਕਰਨੀ ਐ ਚੋਗ
ਵਹਿਸ਼ੀ ਰੁੱਤ 'ਚ ਕੀਤੀ ਕੰਬਦੇ ਬੋਟਾਂ ਨੇ ਅਰਦਾਸ

•

※

ਨ੍ਹੇਰ ਦੀ ਛਾਤੀ 'ਤੇ ਸੂਹੀ ਲੀਕ ਪਾ ਕੇ ਦੇਖੀਏ
ਆਓ ਅੱਧੀ ਰਾਤ ਨੂੰ ਸੂਰਜ ਚੜ੍ਹਾ ਕੇ ਦੇਖੀਏ

ਕਿਸ਼ਤੀਆਂ ਲਹਿਰਾਂ ਡੂੰਘਾਈ ਦੀ ਤਾਂ ਚਰਚਾ ਖ਼ੂਬ ਹੈ
ਹੁਣ ਸਮੁੰਦਰ ਦੇ ਅਸੀਂ ਵਿਚਕਾਰ ਜਾ ਕੇ ਦੇਖੀਏ

ਇਹ ਮਸੀਹਾ ਅਸਲੀ ਹੈ ਜਾਂ ਨਕਲੀ, ਰਾਜੇ ਨੇ ਕਿਹਾ
ਪਰਖੀਏ ਇਹਨੂੰ ਚਲੋ ਸੂਲ਼ੀ ਚੜ੍ਹਾ ਕੇ ਦੇਖੀਏ

ਦਰਦ ਦੀ ਕੋਈ ਦਵਾਈ ਵੀ ਨਹੀਂ ਜੇ ਕਾਰਗਰ
ਦਰਦ ਨੂੰ ਹੀ ਸਿਰਜਣਾ ਕਿਉਂ ਨਾ ਬਣਾ ਕੇ ਦੇਖੀਏ

ਡਿੱਗ ਪੈਣੇ ਸਭ ਸਿਤਾਰੇ ਝੋਲ਼ੀਆਂ ਵਿਚ ਲਾਜ਼ਮੀ
ਕਹਿਕਸ਼ਾਂ ਦੇ ਰੁੱਖ ਦੀ ਟਾਹਣੀ ਹਿਲਾ ਕੇ ਦੇਖੀਏ

ਬਹਿਸ ਨੂੰ ਕੁਝ ਦੇਰ ਲਈ ਏਥੇ ਹੀ ਛੱਡ ਕੇ ਦੋਸਤੋ
ਛੋਹੀਏ ਕੋਈ ਸਾਜ਼ ਤੇ ਕੁਝ ਗੁਣਗੁਣਾ ਕੇ ਦੇਖੀਏ

ਖੜ੍ਹਨਗੇ ਲੋਕਾਂ ਦੇ ਸੰਗ ਜਾਂ ਮਹਿਫ਼ਲਾਂ ਜੋਗੇ ਹੀ ਨੇ
ਹੁਣ ਇਹਨਾਂ ਸ਼ਿਅਰਾਂ ਨੂੰ ਸੜਕਾਂ 'ਤੇ ਲਿਆ ਕੇ ਦੇਖੀਏ

•

ਚੜ੍ਹੀ ਜੋ ਜ਼ਿਹਨ ’ਤੇ ਖ਼ੁਸ਼ਫਹਿਮੀਆਂ ਦੀ ਪਾਣ ਲਾਹ ਦੇਵੇ
ਮਿਲੇ ਐਸਾ ਕੋਈ ਰੂਹਦਾਰ ਜੋ ਸ਼ੀਸ਼ਾ ਦਿਖਾ ਦੇਵੇ

ਉਹ ਅਪਣੇ ਹੱਥ ਜੇਕਰ ਮੇਰੀ ਪੁਸਤਕ ਨੂੰ ਛੁਹਾ ਦੇਵੇ
ਤਾਂ ਕਾਲ਼ੇ ਅੱਖਰਾਂ ਨੂੰ ਦੀਵਿਆਂ ਵਾਂਗੂੰ ਜਗਾ ਦੇਵੇ

ਅਪੂਰਨ ਹੈ ਜਾਂ ਪੂਰਨ ਹੈ ਪਤਾ ਲਗਦਾ ਹੈ ਉਸ ਵੇਲੇ
ਜਦ ਸੁੰਦਰਾਂ ਖ਼ੈਰ ਦੇ ਵਿਚ ਮੋਤੀਆਂ ਦਾ ਥਾਲ਼ ਪਾ ਦੇਵੇ

ਮੈਂ ਉਸ ਨੂੰ ਦੁਸ਼ਮਣਾਂ ਅੰਦਰ ਗਿਣਾਂ ਜਾਂ ਦੋਸਤਾਂ ਅੰਦਰ
ਪਿਆ ਕੇ ਜ਼ਹਿਰ ਮੈਨੂੰ ਉਮਰ ਲੰਬੀ ਦੀ ਦੁਆ ਦੇਵੇ

ਉਹ ਖ਼ੁਦ ਤਾਂ ਪੈਰ ਭਿੱਜਣ ਦੇ ਡਰੋਂ ਖੜ੍ਹਦਾ ਨਾ ਕੰਢੇ ਵੀ
ਤੇ ਮੈਨੂੰ ਖੌਲਦੇ ਸਾਗਰ ’ਚ ਕੁੱਦਣ ਦੀ ਸਲਾਹ ਦੇਵੇ

ਕਿਤੇ ਆਦਤ ਨਾ ਪੈ ਜਾਵੇ ਬੈਸਾਖੀ ਨਾਲ ਚੱਲਣ ਦੀ
ਨਾ ਭੁੱਲੀਂ ਆਪਣੀ ਤਾਕਤ ਜੇ ਕੋਈ ਆਸਰਾ ਦੇਵੇ

ਸੁਣਾਵੇ ਪਿੰਜਰੇ ਵਿੱਚ ਬਾਤ ਮੈਨੂੰ ਨੀਲੇ ਅੰਬਰ ਦੀ
ਕਰਾਂ ਚਾਹਤ ਜੇ ਉੱਡਣ ਦੀ ਤਾਂ ਉਹ ਚੋਗਾ ਦਿਖਾ ਦੇਵੇ
•

ਝੱਖੜ ਹਜ਼ਾਰਾਂ ਸਹਿ ਕੇ ਹੁੰਦੀਆਂ ਜਵਾਨ ਫ਼ਸਲਾਂ
ਜੀਵਨ ਦਾ ਸਿਰਜਣਾ ਦਾ ਜਿੱਤ ਦਾ ਨਿਸ਼ਾਨ ਫ਼ਸਲਾਂ

ਬਰਸਾਤ ਸਾਡੇ ਨਾਂ ਦੀ ਹੁੰਦੀ ਬਗੀਚਿਆਂ ਵਿਚ!
ਸੁਣ ਕੇ ਹਵਾ ਦੇ ਮੂੰਹੋਂ ਹੋਈਆਂ ਹੈਰਾਨ ਫ਼ਸਲਾਂ

ਆਲ਼ੇ ਦੁਆਲ਼ੇ ਫਿਰਦੇ ਸੌ-ਸੌ ਤਰਾਂ ਦੇ ਕੀੜੇ
ਹਰ ਦਮ ਨੇ ਖ਼ਤਰਿਆਂ ਵਿਚ ਕੱਲੀਆਂ ਜਵਾਨ ਫ਼ਸਲਾਂ

ਆਈਆਂ ਸੀ ਲੈ ਕੇ ਦਾਣੇ ਇਹ ਭੁੱਖੇ ਢਿੱਡਾਂ ਖ਼ਾਤਰ
ਮੰਡੀ ਦੇ ਹੱਥੋਂ ਗਈਆਂ ਠੱਗੀਆਂ ਰਕਾਨ ਫ਼ਸਲਾਂ

ਖ਼ਬਰੇ ਕਦੋਂ ਆ ਧਮਕਣ ਖੇਤਾਂ ਨੂੰ ਖੋਹਣ ਵਾਲੇ
ਹੁਣ ਜਿਉਂਦੀਆਂ ਨੇ ਲੈ ਕੇ ਮੁੱਠੀ 'ਚ ਜਾਨ ਫ਼ਸਲਾਂ

•

⁜

ਕੱਲ੍ਹ ਜਿਨ੍ਹਾਂ ਨੂੰ ਰੋਟੀ ਨਾ ਵਸਤਰ ਮਿਲੇ
ਅੱਜ ਉਹਨਾਂ ਦੇ ਹੱਥਾਂ 'ਚੋਂ ਸ਼ਸਤਰ ਮਿਲੇ

ਜਨਮਦੇ ਦੁੱਲੇ ਵੀ ਲਾਜ਼ਮ ਧਰਤ 'ਤੇ
ਦਰੜਦੇ ਪਿੰਡੀ ਨੂੰ ਜੇ ਅਕਬਰ ਮਿਲੇ

ਮੁਰਦਿਆਂ ਦੇ ਉੱਤੋਂ ਕੱਫਣ ਲਾਹ ਲਓ
ਜਿਉਂਦਿਆਂ ਨੂੰ ਤਾਂ ਕੋਈ ਚਾਦਰ ਮਿਲੇ

ਵੇਚ ਦਿੱਤਾ ਘਰ ਖਰੀਦੀ ਭਟਕਣਾ
ਕੀ ਪਤੈ ਕਿ ਜ਼ਿੰਦਗੀ ਕਿੱਧਰ ਮਿਲੇ

ਜਾਣ ਲੱਗੇ ਹੋ ਉਦਾਸੀ 'ਤੇ ਤੁਸੀਂ
ਸੋਚਦੇ ਹੋ ਨਾ ਕਿਤੇ ਬਾਬਰ ਮਿਲੇ

•

ਪਛਾਣੇਂਗਾ ਕਦ ਆਪਣੇ ਮਨ ਦੀ ਤਾਕਤ
ਕਦੋਂ ਤਨ ਦੀ ਤਾਕਤ ਲਗਾਏਂਗਾ ਪਿਆਰੇ
ਮੇਰੇ ਪੈਰ ਹੁਣ ਮੈਨੂੰ ਪੁੱਛਣ ਇਹ ਲੱਗੇ
ਕਦੋਂ ਤੱਕ ਤੁਰੇਂਗਾ ਬੈਸਾਖੀ ਸਹਾਰੇ

ਨਹੀਂ ਹੈ ਕਿਸੇ ਨੂੰ ਵੀ ਉੱਡਣਾ ਸਿਖਾਇਆ
ਮੈਂ ਬੱਸ ਇਹਨਾਂ ਬੋਟਾਂ ਨੂੰ ਅੰਬਰ ਦਿਖਾਇਆ
ਨਗਰ ਦੇ ਉਹ ਲੋਕੀਂ ਜੋ ਪਿੰਜਰੇ ਬਣਾਉਂਦੇ
ਦੁਆਲੇ ਮੇਰੇ ਆ ਕੇ ਖੜ੍ਹ ਗਏ ਨੇ ਸਾਰੇ

ਨਹੀਂ ਜਾਣਦੇ ਹਾਂ ਕੀ ਹੁੰਦਾ ਹੈ ਬਚਪਨ
ਅਸਾਨੂੰ ਸਕੂਲਾਂ ਦਾ ਰਾਹ ਵੀ ਪਤਾ ਨੀਂ
ਹਕੀਕਤ 'ਚ ਨੇ ਗਾਲ਼ਾਂ ਝਿੜਕਾਂ ਮਜੂਰੀ
ਤੇ ਖ਼ਾਬਾਂ 'ਚ ਆਉਂਦੇ ਪਤੰਗਾਂ ਗੁਬਾਰੇ

ਜਿਨ੍ਹਾਂ ਨੇ ਉਗਾਈ ਸੰਭਾਲੀ ਤੇ ਵੱਢੀ
ਉਹ ਖਾਲੀ ਹੀ ਪਰਤੇ ਜਦ ਅਪਣੇ ਘਰਾਂ ਨੂੰ
ਤਾਂ ਖਾਲ਼ਾਂ ਦੇ ਨੈਣਾਂ 'ਚ ਭਰ ਆਇਆ ਪਾਣੀ
ਸਿਆੜਾਂ ਦੀ ਛਾਤੀ 'ਤੇ ਫਿਰ ਗਏ ਨੇ ਆਰੇ

ਮੁੜੇ ਜਦ ਸਿਪਾਹੀ 'ਅਮਨ-ਯਾਤਰਾ' ਤੋਂ
ਖੜ੍ਹਾ ਕੇ ਕਤਾਰਾਂ 'ਚ ਪੁੱਛਦਾ ਹੈ ਹਾਕਮ
ਤੁਸੀਂ ਕਿੰਨੇ ਪਿੰਡਾਂ ਨੂੰ ਥੇਹਾਂ ਬਣਾਇਆ
ਤੁਸੀਂ ਕਿੰਨੇ ਉਡਦੇ ਪਰਿੰਦੇ ਉਤਾਰੇ

ਲਗਾਉਂਦੇ ਰਹੇ ਰੇਤਲੇ ਵਾਹਣੀਂ ਝੋਨਾ
ਤੇ ਸੇਮਾਂ 'ਚੋਂ ਚਾਹੀ ਕਪਾਹਾਂ ਦੀ ਖੇਤੀ
ਇਨ੍ਹਾਂ ਮਿੱਟੀਆਂ ਨੂੰ ਸੀ ਜਿਹੜੇ ਮੁਆਫ਼ਕ
ਅਸੀਂ ਉਹਨਾਂ ਫ਼ਸਲਾਂ ਦੇ ਬੀ ਨਾ ਖਿਲਾਰੇ

ਬਜ਼ੁਰਗਾਂ ਦਾ ਕਹਿਣੈ ਸਮਾਂ ਉਹ ਵੀ ਆਊ
ਕਿ ਅਸਮਾਨ ਧਰਤੀ 'ਚ ਡੂੰਘਾ ਸਮਾਊ
ਪਤਾਲ਼ਾਂ 'ਚੋਂ ਆਕਾਸ਼ ਉੱਸਰੂ ਨਵਾਂ ਇੱਕ
ਤੇ ਮਿੱਟੀ ਦੇ ਕਣ ਬਣਨੇ ਅੰਬਰ ਦੇ ਤਾਰੇ

ਜਦੋਂ ਹੋਸ਼ ਆਈ ਉਦੋਂ ਤੋਂ ਹੀ ਲੈ ਕੇ
ਪਰਾਜਿਤ ਨਹੀਂ ਹੋਏ ਹਾਂ ਜ਼ਿੰਦਗੀ ਤੋਂ
ਲੜਾਈਆਂ ਦਾ ਕੀ ਐ ਲੜਾਈਆਂ ਤਾਂ ਆਪਾਂ
ਕਈ ਵਾਰ ਜਿੱਤੇ ਕਈ ਵਾਰ ਹਾਰੇ

•

ਇਹਨਾਂ ਦੇ ਨੂਰ ਸਾਹਵੇਂ ਨ੍ਹੇਰ ਛਿੱਥੇ ਪੈਣਗੇ ਆਖ਼ਰ
ਸਿਤਾਰੇ ਗ਼ਰਦਿਸ਼ਾਂ ਅੰਦਰ ਕਦੋਂ ਤੱਕ ਰਹਿਣਗੇ ਆਖ਼ਰ

ਕਿਸੇ ਬਰਸਾਤ ਨੇ ਜੇ ਨਾ ਇਨ੍ਹਾਂ ਦੀ ਸਾਰ ਲਈ ਯਾਰੋ
ਇਹ ਸਾਰੇ ਥਲ ਸਮੁੰਦਰ ਵੱਲ ਨੂੰ ਤੁਰ ਪੈਣਗੇ ਆਖ਼ਰ

ਜੋ ਮੁਸ਼ਕਲ ਮੰਨਦੇ ਨੇ ਉੱਡਣਾ ਚੋਗੇ ਦੀ ਖ਼ਾਤਰ ਵੀ
ਇਨ੍ਹਾਂ ਪੰਖੇਰੂਆਂ ਨੂੰ ਪਿੰਜਰੇ ਮੋਹ ਲੈਣਗੇ ਆਖ਼ਰ

ਸੁਣੀ ਨਾ ਘਰਦਿਆਂ ਨੇ ਜੇ ਕਦੇ ਵੀ ਪੀੜ ਇਹਨਾਂ ਦੀ
ਬਗਾਨੇ ਮੋਢਿਆਂ ਉੱਤੇ ਇਹ ਸਿਰ ਧਰ ਲੈਣਗੇ ਆਖ਼ਰ

ਘਰਾਂ ਤੋਂ ਗੋਲ਼-ਮਹਿਲ ਤੀਕ ਰਹਿ ਗਈ ਬਾਗੀਆਂ ਦੀ ਦੌੜ
ਸਫ਼ੇ ਇਤਿਹਾਸ ਦੇ ਇਹ ਦਰਦ ਕਿੱਦਾਂ ਸਹਿਣਗੇ ਆਖ਼ਰ
•

☓

ਜੜਾਂ ਮਿੱਟੀ ’ਚ ਹੀ ਰੱਖੀਂ ਚੁਗਿਰਦੇ ਨਾਲ ਵਾਹ ਰੱਖੀਂ
ਬੜੇ ਤੂਫ਼ਾਨ ਝੁੱਲਣਗੇ ਡਰੀਂ ਨਾ, ਹੌਂਸਲਾ ਰੱਖੀਂ

ਵਗੇ ਲੂ ਬਲ਼ ਰਿਹਾ ਅੰਬਰ ਕਿਤੇ ਸੜ ਜਾਣ ਨਾ ਪੰਛੀ
ਨਮੀ ਅੱਖ ਦੀ ਨਹੀਂ ਕਾਫ਼ੀ, ਘਟਾਵਾਂ ਦਾ ਪਤਾ ਰੱਖੀਂ

ਦਵਾ ਦੀ ਆੜ ਵਿਚ ਜੋ ਲੂਣ ਪਾ ਦਿੰਦੇ ਨੇ ਜ਼ਖ਼ਮਾਂ ’ਤੇ
ਇਨ੍ਹਾਂ ਬਹੁ-ਚਿਹਰਿਆਂ ਵਾਲੇ ਹਕੀਮਾਂ ਤੋਂ ਬਚਾਅ ਰੱਖੀਂ

ਵਹਾਅ ਨੂੰ ਬਦਲ ਦੇਵੇਂਗਾ ਜਦੋਂ ਤੂੰ ਕਾਫ਼ਲਾ ਬਣਿਆ
ਇਰਾਦਾ ਪਰਬਤਾਂ ਵਾਂਗੂੰ ਲਹੂ ਨੂੰ ਖੌਲਦਾ ਰੱਖੀਂ

ਤੇਰੇ ਮੱਥੇ ’ਚ ਚਾਨਣ ਹੈ ਝੁਕੀਂ ਨਾ ਨੇਰ੍ਹਿਆਂ ਅੱਗੇ
ਮਿਲੇ ਜੇ ਮੋਹ ਵਫ਼ਾ ਆਦਰ ਸਦਾ ਨੀਵੀਂ ਨਿਗ੍ਹਾ ਰੱਖੀਂ

•

ਹੈ ਉਦਾਸੀ ਦਿਲ ’ਚ ਭਾਵੇਂ ਪਰ ਕੋਈ ਮਾਤਮ ਨਹੀਂ
ਤੈਥੋਂ ਵਿੱਛੜ ਕੇ ਵੀ ਛੱਡਿਆ ਜੀਣ ਦਾ ਉੱਦਮ ਨਹੀਂ

ਹਰ ਸਮੇਂ ਚੰਗੇ ਨਹੀਂ ਪਲਕਾਂ ’ਤੇ ਹੰਝੂ ਲਿਸ਼ਕਦੇ
ਦੇਰ ਤੱਕ ਫੁੱਲਾਂ ’ਤੇ ਵੀ ਤਾਂ ਠਹਿਰਦੀ ਸ਼ਬਨਮ ਨਹੀਂ

ਇਹ ਸੁਰਾਂ ਵਿਚ ਹੋਣਗੇ ਕਿੰਝ ਤੂੰ ਜਦੋਂ ਬੇਤਾਲ ਹੈਂ
ਕੀ ਕਰਨਗੇ ਸਾਜ਼ ਵੀ ਜੇ ਦਿਲ ’ਚ ਹੀ ਸਰਗਮ ਨਹੀਂ

ਨ੍ਹੇਰ ਜਿੱਥੇ ਵੀ ਵਧੇਗਾ ਹੋਣਗੇ ਉੱਥੋਂ ਉਦੈ
ਸੂਰਜਾਂ ਨੇ ਦੇਖਣਾ ਪੂਰਬ ਨਹੀਂ ਪੱਛਮ ਨਹੀਂ

ਡਿੱਗ ਪਿਆ ਹਾਂ ਫੱਟ ਖਾ ਕੇ ਤੈਥੋਂ, ਮੈਂ ਸਵੀਕਾਰਦਾਂ
ਤੂੰ ਵੀ ਇਹ ਸਵੀਕਾਰ ਲੈ ਇਹ ਜੰਗ ਕੋਈ ਅੰਤਮ ਨਹੀਂ
•

ਡਾਢਿਆਂ ਦੀ ਹਰ ਵਧੀਕੀ ਮਾਫ਼ ਹੈ
ਸਾਡੇ ਸਮਿਆਂ ਦਾ ਇਹੀ ਇਨਸਾਫ਼ ਹੈ

ਖ਼ੁਦਕੁਸ਼ੀ ਜਾਂ ਕਤਲ ਹੈ ਉਸ ਦਾ ਸਿਲਾ
ਜੋ ਕੋਈ ਫ਼ਰਮਾਨ ਦੇ ਖ਼ਿਲਾਫ਼ ਹੈ

ਮੈਂ ਜਦੋਂ ਡੁਬਦਾ ਸਾਂ ਤਾਂ ਪਾਣੀ ਸੀ ਉਹ
ਮੈਂ ਜਦੋਂ ਪਿਆਸਾ ਹਾਂ ਤਾਂ ਉਹ ਭਾਫ਼ ਹੈ

ਦੇ ਦਿਓ ਜ਼ੁਰਮਾਨੇ ਵਿਚ ਅਪਣੀ ਜ਼ੁਬਾਨ
ਹਰ ਸਜ਼ਾ ਹੀ ਫਿਰ ਤੁਹਾਡੀ ਮਾਫ਼ ਹੈ

ਨਜ਼ਰੀਆ ਆਪਾਂ ਜਦੋਂ ਤੋਂ ਬਦਲਿਆ
ਧੁੰਦਲੀ ਤਸਵੀਰ ਹੋ ਗਈ ਸਾਫ਼ ਹੈ

•

✻

ਹੋਠਾਂ ਦੇ ਉੱਤੇ ਮੋਹ ਦੀ ਬਲ਼ਦੀ ਪਿਆਸ ਧਰ ਕੇ
ਆਇਆ ਹਾਂ ਕੋਲ਼ ਤੇਰੇ ਨਦੀਆਂ ਹਜ਼ਾਰ ਤਰ ਕੇ

ਦਿਨ ਭਰ ਦਾ ਸਾਥ ਦੇ ਕੇ ਆਥਣ ਪਈ ਤੋਂ ਸੂਰਜ
ਤਰ ਰਹੀਆਂ ਕਿਸ਼ਤੀਆਂ ਨੂੰ ਡੁੱਬਿਆ ਸਲਾਮ ਕਰ ਕੇ

'ਜੇਕਰ ਮੈਂ ਖ਼ੁਭ ਗਿਆ ਤਾਂ ਕਿਧਰੇ ਪਿਘਲ ਨਾ ਜਾਵਾਂ'
ਸੋਚਾਂ 'ਚ ਘਿਰਿਆ ਖ਼ੰਜਰ ਸੀਨੇ ਦੀ ਅੱਗ ਤੋਂ ਡਰ ਕੇ

ਜਗਣਾ ਕੁਝ ਇਸ ਤਰਾਂ ਕਿ ਤੜਫਣ ਹਨ੍ਹੇਰ ਲੱਗੇ
ਬੁਝਣਾ ਇਉਂ ਕਿ ਨ੍ਹੇਰੀ ਵੀ ਲੰਘੇ ਸਜਦਾ ਕਰ ਕੇ

ਸੌ ਮੁਸ਼ਕਲਾਂ ਦੇ ਹੁੰਦਿਆਂ ਜ਼ਿੰਦਗੀ ਨਾ ਹਾਰ ਮੰਨਦੀ
ਚਿੜੀਆਂ ਦੇ ਬਹਿਣ 'ਤੇ ਕਦ ਰੁੱਖਾਂ ਦੇ ਟਾਹਣ ਜਰਕੇ

ਕੁਛ ਲੋਕ ਇਸ ਤਰਾਂ ਵੀ ਸ਼ਾਇਰੀ ਦੀ ਕਰਦੇ ਕੋਸ਼ਿਸ਼
ਕਲਮਾਂ ਖਰੀਦ ਲਿਆਉਂਦੇ ਅਹਿਸਾਸ ਗਹਿਣੇ ਧਰ ਕੇ

•

⁂

ਤੇਰੀ ਪੁਸਤਕ ਦਾ ਇਕ ਪੰਨਾ ਹੀ ਹਾਲੇ ਪਰਤਿਆ ਹੈ
ਸਲੇਟੀ ਧੁੰਦ ਦਾ ਪਰਦਾ ਜ਼ਰਾ ਕੁ ਸਰਕਿਆ ਹੈ

ਜ਼ਿਆਦਾ ਹੀ ਲੰਮੇਰੀ ਹੋ ਗਈ ਇਸ ਵਾਰ ਪਤਝੜ
ਮੈਂ ਕੰਧਾਂ 'ਤੇ ਗੁਲਾਬੀ ਮੌਸਮਾਂ ਨੂੰ ਚਿਤਰਿਆ ਹੈ

ਗਲੈਕਸੀ ਜੇਡ ਹੈ ਖਿਆਲਾਂ ਦੀਆਂ ਤੰਦਾਂ ਦਾ ਦਾਇਰਾ
ਹਕੀਕਤ ਦਾ ਫੈਲਾਅ ਬਿੰਦੂ 'ਚ ਹੀ ਕਿਉਂ ਸਿਮਟਿਆ ਹੈ

ਸਵੇਰੇ ਕੰਮ 'ਤੇ ਘਰ 'ਚੋਂ ਗਿਆ ਤਾਂ ਮੈਂ ਹੀ ਸੀ, ਪਰ
ਮੇਰੇ ਕਮਰੇ 'ਚ ਸ਼ਾਮੀਂ ਹੋਰ ਕੋਈ ਪਰਤਿਆ ਹੈ

ਕੀ ਇਸ ਨਗਰੀ ਦੇ ਅੰਦਰ ਸਿਰਫ਼ ਗੂੰਗੇ ਲੋਕ ਵਸਦੇ
ਮੁਸਾਫ਼ਰ ਨੇ ਖਲੋ ਕੇ ਬੁੱਤ ਕੋਲ਼ੋਂ ਪੁੱਛਿਆ ਹੈ
•

ਸਹੁੰ ਤੇਰੀ ਜੇ ਜ਼ਿਕਰ ਤੇਰੇ ਜਾਣ ਦਾ ਕਿਧਰੇ ਕਰਾਂ
ਇੱਕ ਵੀ ਹੰਝੂ ਜੇ ਡੋਲ੍ਹਾਂ ਇੱਕ ਵੀ ਹਉਕਾ ਭਰਾਂ

ਫ਼ਾਸਲੇ ਸ਼ਿਕਵੇ ਗਿਲੇ ਪੀੜਾਂ ਦੀਆਂ ਸੌ ਛਿਲਤਰਾਂ
ਚੁਭਣ ਹੁਣ ਵੀ, ਕਿੰਨੀ ਵਾਰੀ ਕੱਢ ਕੇ ਸੁੱਟੀਆਂ ਪਰ੍ਹਾਂ

ਟੁੱਟਦੀ ਜਿੰਦ ਨੂੰ ਸੰਭਾਲਾਂਗਾ ਮੈਂ ਆਖ਼ਰ ਕਿਸ ਤਰਾਂ
ਖੁਭ ਗਿਆ ਰਿਸ਼ਤੇ ਦਾ ਸ਼ੀਸ਼ਾ ਰੂਹ 'ਚ ਬਣ ਕੇ ਕੀਚਰਾਂ

ਅਲਵਿਦਾ ਜਦ ਤੂੰ ਕਿਹਾ ਪਥਰਾ ਗਿਆ ਨਾੜਾਂ 'ਚ ਖ਼ੂਨ
ਸਾਹ ਗਲੇ ਵਿੱਚ ਅਟਕਿਆ ਮੁੱਠੀ 'ਚ ਆਈਆਂ ਆਂਦਰਾਂ

ਰੋਜ਼ ਤੇਰੀ ਯਾਦ ਦੀ ਚੜ੍ਹਦੀ ਝਨਾਂ ਹੈ ਡੋਬਦੀ
ਰੋਜ਼ ਮੈਂ ਕੱਚੇ ਘੜੇ 'ਤੇ ਦਰਦ ਦਾ ਸਾਗਰ ਤਰਾਂ

ਤੂੰ ਮਿਲੀ ਤਾਂ ਮੰਜ਼ਿਲਾਂ ਰਸਤੇ ਸਫ਼ਰ ਸਨ ਬਦਲ ਗਏ
ਯਾਦ ਨਈਂ ਕਿੱਥੋਂ ਤੁਰੇ ਸੀ ਪਹੁੰਚਣਾ ਸੀ ਕਿਸ ਗਰਾਂ
•

ਸਾਡੀ ਪਿਆਸ ਦੇ ਜੋ ਸੀ ਹਾਣੀ
ਲੰਘ ਗਏ ਪੱਤਣਾਂ ਤੋਂ ਪਾਣੀ

ਸੁੱਕ ਗਏ ਵਿਹੜੇ ਦੇ ਫੁੱਲ ਵੀ
ਮੁੱਕ ਗਈ ਤੇਰੀ ਆਉਣੀ ਜਾਣੀ

ਸੁਲਝ ਗਿਆ ਹੈ ਸਾਰਾ ਮਸਲਾ
ਟੁੱਟ ਗਈ ਹੈ ਆਖ਼ਰ ਤਾਣੀ

ਲਾਲ ਵਫ਼ਾ ਦੇ ਨਹੀਂਓ ਲੱਭੇ
ਮੋਹ ਦੀ ਖ਼ਾਕ ਬਥੇਰੀ ਛਾਣੀ

ਤੇਰੇ ਬਾਝੋਂ ਜੀਣ ਦੀ ਆਦਤ
ਔਖੀ ਹੈ ਪਰ ਪੈ ਹੀ ਜਾਣੀ

ਮੈਂ ਇੱਕ ਵੱਖਰੇ ਰਾਹ 'ਤੇ ਚੱਲਿਆਂ
ਤੂੰ ਵੀ ਅਪਣਾ ਪੰਧ ਪਛਾਣੀਂ
•

✲

ਘਰਦਿਆਂ ਨੇ ਖ਼ੂਬ ਕਰ ਕੇ ਦੇਖੇ ਭਾਵੇਂ ਇੰਤਜ਼ਾਮ
ਗਮਲਿਆਂ 'ਚੋਂ ਬਾਗ ਨੂੰ ਪਰ ਤੁਰ ਗਏ ਬੂਟੇ ਤਮਾਮ

ਆਖਿਆ ਉਸ ਨੇ ਕਿ ਤੂੰ ਸ਼ਾਇਰ ਬਣੇਂਗਾ ਇੱਕ ਦਿਨ
ਫਿਰ ਕਿਹਾ, ਤੇ ਜ਼ਿੰਦਗੀ ਭਰ ਹੀ ਰਹੇਂਗਾ ਬੇ-ਅਰਾਮ

ਬਸ ਕਿਸੇ ਦੀ ਯਾਦ ਨੂੰ ਗਲ਼ ਲਾ ਕੇ ਰੋਣਾ ਪੈ ਗਿਆ
ਦੋ ਘੜੀ ਰੁਕਿਆ ਹਾਂ ਏਥੇ ਇਹ ਨਹੀਂ ਮੇਰਾ ਮੁਕਾਮ

ਦੀਵਿਆਂ ਦੇ ਮਨ ਦੀਆਂ ਸੁਣੀਆਂ ਨਾ ਮਹਿਫ਼ਲ ਵਿਚ ਕਿਸੇ
ਸੁਣ ਸੁਣਾ ਕੇ ਅਪਣੀਆਂ ਹੀ ਤੁਰ ਗਏ ਲੋਕੀਂ ਤਮਾਮ

ਸਿਰਫ ਮੰਚਾਂ ਤੋਂ ਨਹੀਂ ਸਨਮਾਨ ਪਾਉਂਦੇ ਸੁਖ਼ਨਵਰ
ਕਈ ਦਫ਼ਾ ਹੈ ਸ਼ੂਕਦੀ ਗੋਲ਼ੀ ਵੀ ਕਰਦੀ ਇਹਤਰਾਮ

ਛਿਪ ਰਹੇ ਦਿਨ ਦੀ ਕੋਈ ਚਿੰਤਾ ਨਹੀਂ ਐ ਹਮਸਫ਼ਰ
ਫ਼ਿਕਰ ਹੈ ਕਿ ਅਪਣੀਆਂ ਅੱਖਾਂ 'ਚ ਲਹਿ ਜਾਵੇ ਨਾ ਸ਼ਾਮ

ਪਿਆਸ ਜਿੰਨ੍ਹਾਂ ਦੀ ਲਿਆਉਂਦੀ ਖਿੱਚ ਕੇ ਬਰਸਾਤ ਨੂੰ
ਐਸਿਆਂ ਰੁੱਖਾਂ ਨੂੰ ਕਰ ਕੇ ਲੰਘਦੇ ਦਰਿਆ ਸਲਾਮ

ਸੀਨਿਆਂ ਦੀ ਅੱਗ ਕਰੀਏ ਨਾਮ ਠੰਢੇ ਚੁੱਲ੍ਹਿਆਂ ਦੇ
ਤੇ ਨਮੀ ਅੱਖਾਂ ਦੀ ਕਰੀਏ ਬਲ਼ਦਿਆਂ ਚਾਵਾਂ ਦੇ ਨਾਮ

ਰੋਜ਼ ਉਹਨਾਂ ਅੰਦਰੋਂ ਅਮਰੀਕਾ ਹੈ ਇੱਕ ਪਨਪਦਾ
ਰੋਜ਼ ਸਾਡੇ ਅੰਦਰੋਂ ਵੀ ਜਨਮਦਾ ਇੱਕ ਵੀਅਤਨਾਮ
•

✕

ਸਮੁੰਦਰ ’ਤੇ ਜਦੋਂ ਛਾਈ ਘਟਾ ਘਨਘੋਰ ਹੋਵੇਗੀ
ਥਲਾਂ ਦੇ ਦਿਲ ’ਚ ਬੇਚੈਨੀ ਮਚਾਉਂਦੀ ਸ਼ੋਰ ਹੋਵੇਗੀ

ਬਜ਼ਿੱਦ ਹੋਇਆ ਹੈ ਸਾਬਤ ਹੋਣ ਲਈ ਜੇ ਤਿੜਕਿਆ ਸ਼ੀਸ਼ਾ
ਯਕੀਨਨ ਏਸ ’ਤੇ ਪੱਥਰਾਂ ਦੀ ਵਰਖਾ ਹੋਰ ਹੋਵੇਗੀ

ਜਦੋਂ ਪਰਤੇਂਗਾ ਘਰ ਨੂੰ ਤੂੰ ਕਈ ਸਾਲਾਂ ਦੇ ਵਕਫੇ ਬਾਦ
ਉਦੋਂ ਤੱਕ ਰਾਤ ਦੀ ਰਾਣੀ ਉਹ ਬਣ ਗਈ ਥੋਰ੍ਹ ਹੋਵੇਗੀ

ਵਹਾਅ ਹੁੰਦਾ ਹੈ ਕਦ ਕਿਸ਼ਤੀ ਦੀ ਖ਼ਾਤਰ ਤੇਜ਼ ਜਾਂ ਹੌਲ਼ੀ
ਇਹ ਪਾਣੀ ਹੈ ਇਹਦੀ ਅਪਣੀ ਹਮੇਸ਼ਾ ਤੋਰ ਹੋਵੇਗੀ

ਕਦੇ ਅੰਬਰ ਦੀ ਚਾਹਤ ਵਿਚ ਪਤੰਗਾਂ ਵਾਂਗ ਨਾ ਉੱਡਣਾ
ਉਡਾਰੀ ਮਿਲ ਜਾਊ ਲੇਕਿਨ ਕਿਸੇ ਹੱਥ ਡੋਰ ਹੋਵੇਗੀ

ਉਹ ਮਿੱਟੀ ਹੈ ਪਰੰਤੂ ਨਈਂ ਭੁਰੇਗੀ ਮਿੱਟੀਆਂ ਵਾਂਗੂੰ
ਰਹੀ ਜੋ ਅੱਗ ਦੇ ਅੰਦਰ ਕਿਵੇਂ ਕਮਜ਼ੋਰ ਹੋਵੇਗੀ

ਹੋਏਗੀ ਪਰਖ ਤੇਰੀ ਲਗਨ ਬੁੱਧੀ ਵਿਦਵਤਾ ਦੀ ਹੁਣ
ਜਗਾਉਣੇ ਪੈਣਗੇ ਦੀਵੇ ਹਵਾ ਮੂੰਹ-ਜ਼ੋਰ ਹੋਵੇਗੀ
•

✻

ਝਨਾਂ ਸਤਲੁਜ ਦਾ ਜਦ ਇਕ ਦੂਜੇ ਕੋਲ਼ੋਂ ਲੰਘਿਆ ਪਾਣੀ
ਬੜਾ ਬੀਤੇ 'ਤੇ ਪਛਤਾਇਆ ਬੜਾ ਹੀ ਸੰਗਿਆ ਪਾਣੀ

ਜਦੋਂ ਹੋਵੇ ਇਕੱਠਾ ਇਹ ਤਾਂ ਮਹਿਲਾਂ ਨੂੰ ਡੁਬੋ ਦੇਵੇ
ਤੂੰ ਪਾ ਪੈਮਾਨਿਆਂ ਵਿਚ ਐਵੇਂ ਛੋਟਾ ਅੰਗਿਆ ਪਾਣੀ

ਬਹੁਤ ਸੁਣਿਆ ਹੈ ਏਥੇ ਮੋਹ ਦੀਆਂ ਸਨ ਵਗਦੀਆਂ ਨਦੀਆਂ
ਅਸੀਂ ਤਾਂ ਦੇਖਿਆ ਹੈ ਬਸ ਲਹੂ ਵਿਚ ਰੰਗਿਆ ਪਾਣੀ

ਪਿਤਾ ਪਾਣੀ ਨੂੰ ਪਈਆਂ ਢੋਣੀਆਂ ਪੁੱਤਰਾਂ ਦੀਆਂ ਲਾਸ਼ਾਂ
ਸਿੰਘਾਸਨ ਦੇ ਸ਼ੁਗਲ ਨੇ ਇੰਝ ਸੂਲ਼ੀ ਟੰਗਿਆ ਪਾਣੀ

ਉਲਾਂਭੇ ਫਾਲਤੂ ਦਿੰਦੇ ਹੋ ਪਾਣੀ ਨੂੰ ਤੁਸੀਂ ਯਾਰੋ
ਲਹੂ ਦੇ ਦਾਗ ਕਿੰਝ ਧੋਵੇ ਲਹੂ ਵਿਚ ਰੰਗਿਆ ਪਾਣੀ

ਉਹ ਜਿਸ ਨੇ ਜ਼ਿੰਦਗੀ ਭਰ ਖ਼ੂਨ ਦੇ ਦਰਿਆ ਹੀ ਚਿਤਵੇ ਸਨ
ਅਖੀਰੀ ਵਕਤ ਵੇਲ਼ੇ ਓਸ ਨੇ ਵੀ ਮੰਗਿਆ ਪਾਣੀ

•

ਔਹ ਜਿਸ ਥਾਂ 'ਤੇ ਉੱਗੀ ਗੀਤਾਂ ਦੀ ਕੰਡਿਆਲੀ ਝਾੜੀ
ਏਸੇ ਥਾਂ ਹੁੰਦੀ ਸੀ ਅਪਣੇ ਖ਼ਾਬਾਂ ਦੀ ਫੁਲਵਾੜੀ

ਬੰਦਾ ਬਹੁਤ ਕਮਾਲ ਸੀ ਉਸਨੇ ਸਾਗਰ ਦੇ ਵਿਚ ਡੁੱਬ ਕੇ
ਫਿਰ ਵੀ ਬੁਝਣ ਨਾ ਦਿੱਤੀ ਅਪਣੇ ਦਿਲ ਵਿਚਲੀ ਚੰਗਿਆੜੀ

ਚੰਨ ਚੁਰਸਤੇ ਵਿੱਚ ਖੜ੍ਹਾ ਹੈ ਗਰਦਿਸ਼ ਦੇ ਵਿਚ ਧਰਤੀ
ਸੂਰਜ ਲੇਬਰ ਚੌਂਕ 'ਚ ਜਾ ਕੇ ਲੱਭਦੇ ਰੋਜ਼ ਦਿਹਾੜੀ

ਘਰ ਦਾ ਵਿੱਤ-ਕਲੰਡਰ ਹਾਲੇ ਤੀਕ ਬਦਲ ਨਾ ਹੋਇਆ
ਕਿੰਨੀ ਵਾਰੀ ਖੇਤਾਂ ਦੇ ਵਿਚ ਆਈ ਸੌਣੀ ਹਾੜ੍ਹੀ

ਜਰਕਣ ਲੱਗਾ ਪਿੱਤਰ-ਸੱਤਾ ਵਾਲਾ ਥੋਥਾ ਡਾਹਣਾ
ਪਿੰਡ ਦੀਆਂ ਕੁੜੀਆਂ ਅੰਬਰ ਵੱਲ ਨੂੰ ਪੀਂਘ ਜਿਉਂ ਹੀ ਚਾੜ੍ਹੀ

ਪਾਣੀ ਮੁੱਠੀ ਵਿੱਚ ਨਾ ਰਹਿੰਦਾ, ਰੇਤ ਦੇ ਘਰ ਨਾ ਬਣਦੇ
ਪੌਣ ਕਦੇ ਨਾ ਜਾਂਦੀ ਮੱਲਾ ਪੈਰਾਂ ਹੇਠ ਲਿਤਾੜੀ
•

ਤੂੰ ਫੁੱਲ ਦੀ ਥਾਂ ਭਾਵੇਂ ਆਜੀਂ ਕਟਾਰ ਲੈ ਕੇ
ਆਈਂ ਨਾ ਪਰ ਤੂੰ ਅਪਣੇ ਚਿਹਰੇ ਹਜ਼ਾਰ ਲੈ ਕੇ

ਤੈਨੂੰ ਸਮਝ ਨਾ ਆਉਣਾ ਹੈ ਕਿੰਨਾ ਔਖਾ ਜਿਉਣਾ
ਪੈਰਾਂ 'ਚ ਮਸਲੇ ਫੁੱਲ ਦਾ ਦਿਲ ਉੱਤੇ ਭਾਰ ਲੈ ਕੇ

ਪਹਿਲਾਂ ਇਹ ਦੇਖ ਲੈ ਕਿ ਉਸ ਧੜ 'ਤੇ ਸੀਸ ਵੀ ਹੈ ?
ਚੱਲਿਆ ਏਂ ਜਿਸ ਲਈ ਤੂੰ ਫੁੱਲਾਂ ਦਾ ਹਾਰ ਲੈ ਕੇ

ਉਹ ਆਖੇ ਪਰਤ ਜਾਓ, ਘਰ ਮੇਰਾ ਮੋਮ ਦਾ ਹੈ
ਪਹੁੰਚੇ ਸੀ ਬਲ਼ਦੀ ਰੂਹ ਨੂੰ ਜਿਸ ਦੇ ਦੁਆਰ ਲੈ ਕੇ

ਕੱਚੇ ਤਾਂ ਖੁਰ ਹੀ ਜਾਂਦੇ ਰਸਤੇ 'ਚ ਭੁਰ ਹੀ ਜਾਂਦੇ
ਆਖ਼ਰ ਜਨੂੰਨ ਜਾਵੇ ਨਦੀਆਂ ਤੋਂ ਪਾਰ ਲੈ ਕੇ
•

ਜ਼ਿੰਦਗੀ ਹੈ ਇਕ ਐਸੀ ਕੁੜੀ ਵਾਂਗਰਾਂ
ਪਾਉਣ ਲਈ ਜੀਹਨੇ ਮੇਲੇ 'ਚੋਂ ਵੰਗਾਂ ਦੀ ਛੋਹ
ਭਾਵਨਾਵਾਂ ਉਮੰਗਾਂ ਸੁਪਨਿਆਂ ਸਣੇ
ਵੇਚ ਦਿੱਤੀ ਮੁਹੱਬਤ ਦੇ ਰੰਗਾਂ ਦੀ ਛੋਹ

ਝੱਲਾ ਦਿਲ ਹੁਣ ਕਦੇ ਤਾਂ ਕਲੋਲਾਂ ਕਰੇ
ਬੈਠਾ ਰਹਿੰਦੈ ਕਈ ਵਾਰ ਚੁੱਪ-ਚਾਪ ਹੀ
ਝਗੜਦਾ ਹੈ ਇਹ ਅਕਸਰ ਖ਼ੁਦਾ ਨਾਲ ਹੁਣ
ਇਹਨੂੰ ਲੱਗ ਗਈ ਹੈ ਕਿੱਥੋਂ ਮਲੰਗਾਂ ਦੀ ਛੋਹ

ਖੌਰੇ ਕਿੰਨੇ ਚਿਰਾਂ ਤੋਂ ਖਲੋਤੇ ਹੋਏ
ਪਾਣੀ ਵਿੱਸਰ ਗਏ ਵਹਿਣ ਦੀ ਜਾਚ ਜੋ
ਇਹਨਾਂ ਵਿਚ ਕੋਈ ਪੱਥਰ ਵਗਾਹ ਕੇ ਹੁਣੇ
ਆਓ ਇਹਨਾਂ ਨੂੰ ਦੇਈਏ ਤਰੰਗਾਂ ਦੀ ਛੋਹ

ਘੁਲ਼ ਗਏ ਨੇ ਬਰੂਦਾਂ ਤੇ ਰੰਗਾਂ ਦੇ ਕਣ
ਸ਼ੂਕਦੀ ਹੈ ਸਿਰਾਂ ਉੱਤੇ ਨੀਲੀ ਹਵਾ
ਸ਼ੋਖ ਫੁੱਲਾਂ ਦੇ ਬਣ ਗਏ ਨੇ ਤਰਸ਼ੂਲ ਹੁਣ
ਭਾਲ਼ਦੇ ਜੋ ਮਸੂਮਾਂ ਦੇ ਅੰਗਾਂ ਦੀ ਛੋਹ

ਖ਼ਾਬ ਸੂਹੇ ਛੁਹਾ ਥੱਕੇ ਨੈਣਾਂ ਨੂੰ ਹੁਣ
ਆ ਬਦਲ ਦੇਈਏ ਨਦੀਆਂ ਦੇ ਵਹਿਣਾਂ ਨੂੰ ਹੁਣ
ਕਾਲ਼ੇ ਅੰਬਰ ਨੂੰ ਇਸ ਦੀ ਨੀਲੱਤਣ ਮਿਲੇ
ਤੇ ਹਵਾਵਾਂ ਨੂੰ ਦੇਈਏ ਪਤੰਗਾਂ ਦੀ ਛੋਹ
•

ਸੁਨਹਿਰੀ ਸਿੱਕਿਆਂ ਦੇ ਚੌਖਟੇ ਅੰਦਰ ਖ਼ੁਦੀ ਧਰ ਕੇ
ਬੜਾ ਖ਼ੁਸ਼ ਹੋ ਰਿਹਾਂ ਸ਼ੋ-ਕੇਸ ਵਿਚ ਸੂਰਜਮੁਖੀ ਧਰ ਕੇ

ਨਜ਼ਰ ਵੀ ਤੇ ਨਜ਼ਰੀਆ ਵੀ ਕੋਈ ਧੁੰਦਲਾ ਗਿਆ ਸਾਡਾ
ਅਸਾਡੇ ਸਾਹਮਣੇ ਦਿਲਕਸ਼ ਨਜ਼ਾਰਾ ਆਰਜ਼ੀ ਧਰ ਕੇ

ਵਿਚਾਰਾਂ ਕਰ ਰਹੇ ਵਿਦਵਾਨ ਏ.ਸੀ. ਰੂਮ ਵਿਚ ਬੈਠੇ
ਸਮਾਂ ਹੈ ਸਫ਼ਰ ਕਰਦਾ ਸੀਸ 'ਤੇ ਬਲ਼ਦੀ ਸਦੀ ਧਰ ਕੇ

ਜਮੂਰਾ ਵੀ ਦਿਖਾ ਸਕਦਾ ਸੀ ਕੇਸ਼ਵ ਵਾਂਗ ਦਿੱਗ ਦਰਸ਼ਨ
ਮਦਾਰੀ ਦੇਖਦਾ ਉਸ ਨੂੰ ਜੇ, ਪਾਸੇ ਡੁਗਡੁਗੀ ਧਰ ਕੇ

ਥਲਾਂ ਨੂੰ ਕੋਸਦੇ ਪਿਆਸੇ ਮੁਸਾਫ਼ਰ ਨੂੰ ਕਿਹਾ ਥਲ ਨੇ
ਤੂੰ ਲੈ ਆਉਂਦਾ ਪਹਾੜਾਂ 'ਚੋਂ ਕੋਈ ਸਿਰ 'ਤੇ ਨਦੀ ਧਰ ਕੇ

ਸਮੋ ਕੇ ਆਪਣੇ ਅੰਦਰ ਉਹ ਇਸ ਦਾ ਰੁੱਖ ਬਣਾਉਂਦੀ ਹੈ
ਤੇਰੇ ਹਿੱਸੇ ਹੈ ਹੋਣਾ ਸੁਰਖ਼ਰੂ ਮਿੱਟੀ 'ਚ ਬੀ ਧਰ ਕੇ

ਕਦੇ ਢਹਿ ਕੇ ਕਦੇ ਉੱਸਰ ਕੇ ਜੀਣਾ ਆਪ ਹੀ ਪੈਂਦੈ
ਕਿਸੇ ਨੂੰ ਕੌਣ ਦੇ ਸਕਦੈ ਤਲ਼ੀ 'ਤੇ ਜ਼ਿੰਦਗੀ ਧਰ ਕੇ

⁜

ਕਹਿਰ ਦੇ ਸਰਦ ਮੌਸਮ ਤੋਂ ਲਹੂ ਤੀਕਰ ਠਰੇ ਹੋਏ
ਨਗਰ ਦੇ ਲੋਕ ਨੇ ਅੱਜਕੱਲ੍ਹ ਘਰਾਂ ਵਿਚ ਵੀ ਡਰੇ ਹੋਏ

ਪਏ ਸੀਨੇ ਤੋਂ ਬਾਹਰ ਸੁੱਟਣੇ ਕੁਝ ਧੜਕਦੇ ਰਿਸ਼ਤੇ
ਉਮਰ ਭਰ ਨਾਲ ਹੀ ਰੱਖੇ ਕਈ ਰਿਸ਼ਤੇ ਮਰੇ ਹੋਏ

ਇਹ ਕਿਹੜੇ ਬੀਜ ਖੌਰੇ ਰਹਿ ਗਏ ਸਨ ਬੀਜਣੋਂ ਮੈਥੋਂ
ਜੋ ਬਣ ਕੇ ਜ਼ਖ਼ਮ ਹੁਣ ਦਿਲ ਦੀ ਕਿਆਰੀ ਵਿਚ ਹਰੇ ਹੋਏ

ਲਤੀਫੇ ਵਿਚ ਬਦਲ ਦਿੰਦੇ ਨੇ ਹਰ ਸੀਨੇ ਦੇ ਹਉਕੇ ਨੂੰ
ਅਸਾਡੇ ਦੌਰ ਦੇ ਮੁਨਸਿਫ਼ ਤਾਂ ਕੇਵਲ ਮਸਖ਼ਰੇ ਹੋਏ

ਦਿਹੁੰ ਸਾਰਾ ਰਹੀ ਲੁੱਟਦੀ ਨਗਰ ਨੂੰ ਡਾਕੂਆਂ ਦੀ ਧਾੜ
ਤੇ ਸਾਰੀ ਰਾਤ ਫਿਰ ਰਖਵਾਲਿਆਂ ਦੇ ਮਸ਼ਵਰੇ ਹੋਏ

•

ਹੋਂਦ ਮਿਟਾ ਨਾ ਸਕਦੇ ਰੁੱਖੇ ਮੌਸਮ ਪੌਣਾਂ ਤੇਜ਼
ਜੇ ਬਿਰਖਾਂ ਦੀ ਜੰਮਣਹਾਰੀ ਮਿੱਟੀ ਹੈ ਜ਼ਰਖ਼ੇਜ਼

ਭੋਲ਼ੇ ਲੋਕੀਂ ਹਰ ਵਾਰੀ ਹੀ ਕਰ ਲੈਂਦੇ ਵਿਸ਼ਵਾਸ
ਖ਼ੈਰ–ਖ਼ੁਆਹ ਦਾ ਪਹਿਨ ਮਖੌਟਾ ਆਵੇ ਜਦ ਚੰਗੇਜ਼

ਰੱਤ ਦੀਆਂ ਬੂੰਦਾਂ ਦੇ ਬਣਦੇ ਡੁੱਲ੍ਹਣਸਾਰ ਹੀ ਬੀਜ
ਹੋਂਠ ਸਿਲਾ ਕੇ ਖੱਲ ਲਹਾ ਕੇ ਕਦ ਮੁਕਦੇ ਤਬਰੇਜ਼

ਬਾਝ ਭਰਾਵਾਂ ਟੋਟੇ ਹੋ ਕੇ ਰੁਲ਼ ਜਾਣਾ ਵਿਚ ਰੇਤ
ਮਿਰਜ਼ਾ ਨਾ ਬਣ ਹਾਦਸਿਆਂ ਤੋਂ ਰੱਖਿਆ ਕਰ ਪਰਹੇਜ਼

ਪਹਿਲਾਂ ਨਾਲੋਂ ਮੁਸ਼ਕਲ ਹੋ ਗਈ ਦੁਸ਼ਮਣ ਦੀ ਪਹਿਚਾਣ
ਭਗਤ ਸਿੰਘ ਦੀ ਯਾਦ 'ਚ ਮੇਲੇ ਲਾਉਂਦੇ ਹੁਣ ਅੰਗਰੇਜ਼

•

ਸੌ ਦਰਵਾਜ਼ੇ ਬੰਦ ਕਰੀਂ ਤੂੰ ਲੱਖਾਂ ਪਰਦੇ ਤਾਣੀਂ
ਪੌਣ ਨਗਰ ਦੀ ਆ ਹੀ ਜਾਣੀ ਅੰਦਰ ਵਿਰਲਾਂ ਥਾਣੀ

ਭੁਜਦੇ ਮਾਰੂਥਲ ਦੇ ਹਿੱਸੇ ਇੱਕ ਕਤਰਾ ਨਾ ਆਇਆ
ਇੱਕ ਸਮੁੰਦਰ ਡੀਕ ਗਿਆ ਹੈ ਸੌ ਨਦੀਆਂ ਦਾ ਪਾਣੀ

ਅੰਦਰ ਦੱਬ ਕੇ ਰਖਦੀ ਦੁਖੜੇ ਬਾਹਰੋਂ ਹਸਦੀ ਰਹਿੰਦੀ
ਘਰ ਦੇ ਖੁਸ਼ ਨੇ ਹੋ ਗਈ ਅਪਣੀ ਲਾਡੋ ਬਹੁਤ ਸਿਆਣੀ

ਕੁੱਝ ਲੋਕਾਂ ਦਾ ਸਫ਼ਰ ਲੰਮੇਰਾ ਰਹਿ ਜਾਂਦਾ ਹੈ ਓਹਲੇ
ਕਿਸੇ ਕਿਸੇ ਦੀ ਇੱਕੋ ਪੈੜ ਹੀ ਬਣਜੇ ਇੱਕ ਕਹਾਣੀ

ਫੇਰ ਮਖਮਲੀ ਤਲ਼ੀਆਂ ਵਾਲੇ ਲੈ ਗਏ ਸਭ ਹਥਿਆ ਕੇ
ਅੱਟਣਾਂ ਵਾਲੇ ਹੱਥਾਂ ਦੇ ਸੰਗ ਫੇਰ ਹੋਈ ਵੰਡ ਕਾਣੀ

ਤੂੰ ਇਸ ਮਿੱਟੀ ਨੂੰ ਬਸ ਤੇਹਾਂ ਦਾ ਅਹਿਸਾਸ ਕਰਾ ਦੇ
ਇਹ ਆਪੇ ਹੀ ਭਾਲ਼ ਲਵੇਗੀ ਅਪਣੇ ਹੱਕ ਦਾ ਪਾਣੀ
•

ਕਿਹਾ ਉਸਨੇ ਜੋ ਮੂੰਹ ਆਇਆ ਜੋ ਹੱਥ ਆਇਆ ਵਗਾਹ ਦਿੱਤਾ
ਸੁਭਾਵਕ ਹੀ ਜਦੋਂ ਮੈਂ ਓਸ ਨੂੰ ਸ਼ੀਸ਼ਾ ਦਿਖਾ ਦਿੱਤਾ

ਤੂੰ ਅਕਸਰ ਸ਼ਾਂਤ ਰਹਿਣਾ ਤੇ ਸਮੇਂ ਸਿਰ ਖੌਲਣਾ ਸਿੱਖੀਂ
ਕਿਨਾਰੇ 'ਤੇ ਖੜ੍ਹੇ ਬੰਦੇ ਨੂੰ ਸਾਗਰ ਨੇ ਸੁਝਾਅ ਦਿੱਤਾ

ਕੋਈ ਪੱਥਰ ਜਦੋਂ ਭਗਵਾਨ ਬਣ ਕੇ ਬਹਿ ਗਿਆ ਸਾਹਵੇਂ
ਤਾਂ ਉਸ ਨੇ ਝੁਕ ਰਹੇ ਹਰ ਸੀਸ ਨੂੰ ਪੱਥਰ ਬਣਾ ਦਿੱਤਾ

ਮਸੂਮਾਂ ਦੇ ਕਤਲ ਨੂੰ ਦੇਖ ਵੀ ਜੋ ਕੁਸਕਦਾ ਤੱਕ ਨਈਂ
ਮੇਰੇ ਪੈਗੰਬਰੋ ਮੈਨੂੰ ਤੁਸੀਂ ਕੈਸਾ ਖ਼ੁਦਾ ਦਿੱਤਾ

ਮੇਰੀ ਸੰਵੇਦਨਾ ਹੀ ਜੇ ਜੁਦਾ ਹੋ ਗਈ ਮੇਰੇ ਦਿਲ ਤੋਂ
ਤਾਂ ਸ਼ਾਇਰ ਕੀ, ਮੈਂ ਬੰਦਾ ਹੋਣ ਦਾ ਹੱਕ ਵੀ ਗਵਾ ਦਿੱਤਾ

•

⁜

ਵਰ੍ਹਦੀ ਅੱਗ 'ਚ ਨਾਲ ਤੁਰੇ ਜੋ ਰਾਹਾਂ ਦੇ
ਕਦੇ ਨਾ ਭੁੱਲਣੇ ਚੇਤੇ ਉਹ ਫਰਮਾਹਾਂ ਦੇ

ਭਾਰੇ ਸੰਗਲ ਕੀ ਹੁਣ ਸਾਨੂੰ ਰੋਕਣਗੇ
ਰੋਕ ਸਕੇ ਜਦ ਨਾਜ਼ੁਕ ਹਾਰ ਨਾ ਬਾਹਾਂ ਦੇ

ਯਾਦ ਹਮੇਸ਼ਾ ਰਹਿੰਦੇ ਉੱਖੜੇ ਸਾਹਾਂ ਨੂੰ
ਤੈਅ ਕੀਤੇ ਜੋ ਪੈਂਡੇ ਬਿਖੜੇ ਰਾਹਾਂ ਦੇ

ਸਾਗਰ ਸ਼ਾਂਤ, ਤਿਆਰ ਨੇ ਕਿਸ਼ਤੀ ਚੱਪੂ ਵੀ
ਜਿਗਰੇ ਸਾਥ ਨਾ ਦਿੰਦੇ ਬੱਸ ਮਲਾਹਾਂ ਦੇ

ਘੋੜਿਆਂ ਦੀ ਕਾਠੀ 'ਤੇ ਜਿੰਨ੍ਹਾਂ ਸੌਣਾ ਹੈ
ਉਹਨਾਂ ਨੂੰ ਡਰ ਕਾਹਦੇ ਅਹਿਮਦ ਸ਼ਾਹਾਂ ਦੇ

ਜਦ ਸਾਡੇ ਪੈਰਾਂ ਦੀ ਜ਼ਿੱਦ ਨੂੰ ਦੇਖ ਲਿਆ
ਹੋ ਗਏ ਪਾਸੇ ਆਪੇ ਪੱਥਰ ਰਾਹਾਂ ਦੇ
•

ਮੁਸਾਫ਼ਰ ਮੁੜ ਆਏ ਬਲਾਵਾਂ ਤੋਂ ਡਰ ਕੇ
ਸਰਾਵਾਂ 'ਚ ਹੀ ਜ਼ਿੰਦਗੀ ਬਸਰ ਕਰ ਕੇ

ਕਮਾਈਆਂ ਦੀ ਸਿਆਹੀ ਨੇ ਲਿਖਿਆ ਬਥੇਰਾ
ਰਹੇ ਖਾਲੀ ਫਿਰ ਵੀ ਉਮੀਦਾਂ ਦੇ ਵਰਕੇ

ਅਜਬ ਨੇ ਅਸਾਡੇ ਨਗਰ ਦੀਆਂ ਟਿਊਬਾਂ
ਜਗਣ ਜੋ ਸਲਾਹਾਂ ਹਨ੍ਹੇਰੇ ਨਾ' ਕਰ ਕੇ

ਤੁਸੀਂ ਜਿੰਨ੍ਹਾਂ ਹੱਥਾਂ ਦੇ ਫੁੱਲ ਨਾ ਕਬੂਲੇ
ਉਹ ਲੈ ਆਏ ਤਲ਼ੀਆਂ 'ਤੇ ਅੰਗਿਆਰ ਧਰ ਕੇ

•

ਕੀ ਹੈ ਤੇਰਾ ਸ਼ਹਿਰ ਜਿੱਥੇ ਖ਼ੂਬ ਨੇ ਨਹਿਰਾਂ ਤਲਾਬ
ਪਰ ਤਿਹਾਇਆਂ ਨੂੰ ਮਿਲੇ ਹਰ ਵਾਰ ਹੀ ਕੋਰਾ ਜਵਾਬ

'ਅੰਬਰਾਂ ਵਿਚ ਭਟਕਦੇ ਹੋ ਕਿਉਂ ਨਹੀਂ ਕਰਦੇ ਅਰਾਮ'
ਆਖਦੈ ਪਿੰਜਰੇ ਦਾ ਤੋਤਾ ਦੇਖ ਕੇ ਉਡਦੇ ਉਕਾਬ

ਸ਼ੋਰ ਦੇ ਥੰਮ੍ਹਣ ਦਾ ਕਰ ਸਕਦੇ ਨਹੀਂ ਹਾਂ ਇੰਤਜ਼ਾਰ
ਚਲ ਬਈ ਮਰਦਾਨਿਆ ਕਰ ਸੁਰ 'ਚ ਤੂੰ ਅਪਣੀ ਰਬਾਬ

ਘਰ ਕਹੇ ਜੁਗਨੂੰ ਫੜੀਂ ਨਾ ਹੱਥ ਸੜ ਜਾਣੇ ਤੇਰੇ
ਦਿਲ ਕਹੇ ਰੁਕਣਾ ਨਹੀਂ ਤੂੰ ਛੂਹ ਕੇ ਆਈਂ ਆਫ਼ਤਾਬ

ਰੁਮਕਦੀ 'ਵਾ ਨਾਲ ਬਹਿਸਾਂ ਕਰਨ ਜੋਗੇ ਰਹਿ ਗਏ
ਸ਼ੂਕਦੇ ਤੂਫ਼ਾਨ ਤੋਂ ਜਦ ਹੋ ਗਏ ਉਹ ਲਾਜਵਾਬ

ਤੂੰ ਉਦੋਂ ਤੱਕ ਕਿੱਕਰਾਂ ਦੇ ਫੁੱਲ ਹੀ ਸਵੀਕਾਰ ਕਰ
ਹੈ ਨਹੀਂ ਜਦ ਤੀਕ ਸਾਡੀ ਪਹੁੰਚ ਵਿਚ ਸੂਹੇ ਗੁਲਾਬ

•

ਉਹ ਬੁੱਢੇ ਹੋ ਗਏ ਲੋਕਾਂ ਨੂੰ ਸ਼ੀਸ਼ੇ ਵੇਚਦੇ ਹੋਏ
ਨਹੀਂ ਪਰ ਖ਼ੁਦ ਕਦੇ ਵੀ ਸ਼ੀਸ਼ਿਆਂ ਦੇ ਸਾਹਮਣੇ ਹੋਏ

ਅਜੇ ਕੱਲ੍ਹ ਦੀ ਤਾਂ ਗੱਲ ਹੈ ਢੂੰਡਦੇ ਰੋਟੀ ਸੀ ਸਾਡੇ ਵਾਂਗ
ਬੜੀ ਛੇਤੀ ਤੁਸੀਂ ਪਰਤੇ ਹੋ ਕਿੱਥੋਂ ਆਫਰੇ ਹੋਏ

ਕਿਨਾਰੇ ਤੜਫਣਾ ਮਨਜ਼ੂਰ ਪਰ ਹੋਠੀਂ ਨੀਂ ਲਾਵਾਂਗੇ
ਤੇਰੇ ਦਰਿਆ ਜੇ ਸਾਡੀ ਪਿਆਸ ਦੇ ਨਾ ਹਾਣਦੇ ਹੋਏ

ਬਿਨਾਂ ਦੇਖੇ ਉਹ ਲੰਘ ਗਏ ਉੱਪਰੋਂ ਮੰਜ਼ਿਲ ਦੀ ਕਾਹਲ਼ੀ ਵਿਚ
ਮੁਸਾਫ਼ਰ ਤੋਂ ਅਸੀਂ ਰਸਤੇ ਸੀ ਜਿੰਨ੍ਹਾਂ ਵਾਸਤੇ ਹੋਏ

ਇਹ ਲੋਕੀਂ ਹੋਣਗੇ ਮੂਰਖ ਜਾਂ ਫਿਰ ਸ਼ਾਤਰ ਬੜੇ ਹੋਣੇ
ਜੋ ਨਿੰਦਾ ਅੱਗ ਦੀ ਕਰਦੇ ਨੇ ਧੂਣੀ ਸੇਕਦੇ ਹੋਏ

ਉਜਾੜੇ ਬਾਗ ਉਹਨਾਂ ਨੇ ਤਾਂ ਸਭ ਕੁਝ ਆਮ ਵਾਂਗਰ ਹੈ
ਅਸੀਂ ਜੇ ਫੁੱਲ ਵੀ ਛੋਹੇ ਤਾਂ ਵੱਡੇ ਹਾਦਸੇ ਹੋਏ

ਦਿਖਾਈਂ ਅਕਸ ਉਹ ਸਾਡਾ ਜੋ ਸੋਹਣਾ ਹੈ ਲੁਭਾਊ ਹੈ
ਉਹ ਸ਼ੀਸ਼ੇ ਨੂੰ ਹੁਕਮ ਦਿੰਦੇ ਨੇ ਸ਼ੀਸ਼ਾ ਦੇਖਦੇ ਹੋਏ

ਬਰੇਤੀ ਛਾਣਦੇ ਹੋਏ ਇਨ੍ਹਾਂ ਸੁੱਕੇ ਦਰਿਆਵਾਂ ਦੀ
ਅਸੀਂ ਜਾਵਾਂਗੇ ਬੱਦਲਾਂ ਤੀਕ ਪਾਣੀ ਭਾਲਦੇ ਹੋਏ

ਮੇਰੇ ਹੱਥਾਂ ’ਚ ਜੇ ਤਲਵਾਰ ਹੈ ਹੁਣ ਦੋਸ਼ ਨਈਂ ਮੇਰਾ
ਬੜਾ ਹੀ ਵਕਤ ਹੈ ਕੱਟਿਆ ਮੈਂ ਯੁੱਧ ਨੂੰ ਟਾਲਦੇ ਹੋਏ

•

※

ਨ੍ਹੇਰੇ 'ਚ ਡੁੱਬੇ ਸ਼ਹਿਰ ਨੂੰ ਕੁਝ ਆਸਰਾ ਦਿਆਂ
ਦਿਲ ਜਲ ਰਹੇ ਦਾ ਦਿਲ ਕਰੇ ਦੀਵਾ ਬਣਾ ਦਿਆਂ

ਉਹ ਆਖਦੇ ਨੇ ਛੁਪ ਕੇ ਮੈਂ ਤੀਲੀ ਲਗਾ ਦਿਆਂ
ਫਿਰ 'ਜਲ ਰਿਹਾ ਹੈ ਸ਼ਹਿਰ' ਇਹ ਰੌਲ਼ਾ ਵੀ ਪਾ ਦਿਆਂ

ਚਹੁੰਦਾ ਹੈ ਉਹ, ਉਸ ਤੋਂ ਬਿਨਾਂ ਪੁੱਛੇ ਨਾ ਖੋਲ੍ਹਾਂ ਹੋਂਠ
ਜੇ ਚੁੱਪ ਰਹਾਂ ਤਾਂ ਇਸ ਦੀ ਵੀ ਉਸ ਨੂੰ ਵਜ੍ਹਾ ਦਿਆਂ

ਦਿਲ ਨੂੰ ਜਨੂੰਨ ਤੇ ਜ਼ਿਹਨ ਨੂੰ ਰੌਸ਼ਨੀ ਮਿਲੇ
ਮੈਂ ਪੈਰਾਂ ਤੇਰਿਆਂ ਨੂੰ ਸਫ਼ਰ ਦੀ ਦੁਆ ਦਿਆਂ

ਝੁਕਦਾ ਹਾਂ ਫੁੱਲਾਂ ਸਾਹਮਣੇ ਇਹ ਵੀ ਹੈ ਸੱਚ ਪਰ
ਆਵੇ ਜੇ ਰਸਤੇ ਵਿੱਚ ਤਾਂ ਪਰਬਤ ਝੁਕਾ ਦਿਆਂ

•

✕

ਅਜੇ ਆਗ਼ਾਜ਼ ਹੈ ਅੰਜਾਮ 'ਤੇ ਵੀ ਪਹੁੰਚਣਾ ਹੈ
ਮੈਂ ਹਾਲੇ ਬਿੰਦੂ ਤੋਂ ਬ੍ਰਹਿਮੰਡ ਤੀਕਰ ਫੈਲਣਾ ਹੈ

ਚੁਗਾਠ ਇਸ ਬੂਹੇ ਦੀ ਬੇਕਾਰ ਹੈ ਹਰ ਚੂਲ਼ ਢਿੱਲੀ
ਇਹਨੂੰ ਜਦ ਵੀ ਤੂੰ ਖੋਲ੍ਹੇਂਗਾ ਤਾਂ ਇਸ ਨੇ ਚੀਕਣਾ ਹੈ

ਕਟਾ ਕੇ ਪਰ ਗਏ ਜੋ ਤੜਫਦੇ ਕੁਰਲਾਉਂਦੇ ਪੰਛੀ
ਕਟਾਰਾਂ ਪੰਜਿਆਂ ਵਿਚ ਲੈ ਕੇ ਉਹਨਾਂ ਪਰਤਣਾ ਹੈ

ਨਦੀ ਹਾਂ ਮੈਂ, ਕਰਾਂ ਕਿਉਂ ਫ਼ਿਕਰ ਸਾਗਰ ਦੀ ਹਵਸ ਦਾ
ਮੈਂ ਔੜਾਂ ਮਾਰੀਆਂ ਫ਼ਸਲਾਂ ਨੂੰ ਹਾਲੇ ਸਿੰਜਣਾ ਹੈ

ਇਹ ਤੇਰੇ ਅੰਗ ਪੀੜੇਗਾ ਤੂੰ ਸੀ ਨਾ ਕਰ ਸਕੇਂਗਾ
ਸਮੇਂ ਦੇ ਹਾਕਮਾਂ ਦੇ ਕੋਲ਼ ਐਸਾ ਵੇਲਣਾ ਹੈ

ਕਿਸੇ ਵੀ ਯੁੱਗ ਦੇ ਅੰਦਰ ਨਾ ਮੇਰੀ ਮੌਤ ਹੋਈ
ਮੈਂ ਇਸ ਮਿੱਟੀ 'ਚ ਮਿਲ ਕੇ ਫਿਰ ਦੁਬਾਰਾ ਉੱਗਣਾ ਹੈ

•

ਤੂੰ ਕਿਹੜੇ ਖਲਾਵਾਂ 'ਚ ਭਟਕੇਂ ਨੀ ਜਿੰਦੇ
ਕਿਤੇ ਦੂਰ ਰਹਿ ਗਏ ਨੇ ਰੂਹ ਦੇ ਪਰਿੰਦੇ

ਜ਼ਰਾ ਕੁ ਸੀ ਟਹਿਕੀ ਹਯਾਤੀ ਦੀ ਤਿਤਲੀ
ਮਗਰ ਹੀ ਆ ਧਮਕੇ ਖਿਜ਼ਾਂ ਦੇ ਦਰਿੰਦੇ

ਸੁਣਾਉਂਦੇ ਨੇ ਸਾਡੀ ਕਥਾ ਹੀ ਅਸਾਨੂੰ
ਪਰੰਤੂ ਕਦੇ ਸਾਨੂੰ ਬੋਲਣ ਨੀਂ ਦਿੰਦੇ

ਪਰੇ ਦੂਰ ਮੇਰਾ ਹੀ ਟੁਕੜਾ ਹੈ ਕੋਈ
ਸੁਣੇ ਮੈਨੂੰ ਜਿਸ ਦੀ ਸਦਾਅ ਬਿੰਦੇ-ਬਿੰਦੇ

ਬਹੁਤ ਯਾਦ ਕਰਦੀ ਹੈ ਵਿਹੜੇ ਦੀ ਜਾਮਣ
ਤੁਸੀਂ ਜਦ ਤੋਂ ਬਾਗਾਂ ਦੇ ਹੋ ਗਏ ਬਾਸ਼ਿੰਦੇ

ਜ਼ਮਾਨੇ ਦੀ ਗੱਡੀ ਤਾਂ ਟੱਪ ਗਈ ਹੈ ਜੂਹਾਂ
ਤੂੰ ਹਾਲੇ ਸਟੇਸ਼ਨ 'ਤੇ ਬੈਠਾ ਏਂ ਛਿੰਦੇ!
•

ਰੁੱਖ ਪਹਿਨ ਕੇ ਸਾਵੇ ਵਸਤਰ ਸਜ ਗਏ ਫੱਗਣ ਮਾਹ ਦੀ ਰੁੱਤੇ
ਪੌਣ ਵੀ ਪੌਂਹਚੇ ਚੱਕ-ਚੱਕ ਤੁਰਦੀ ਸੁਰਖ ਫੁੱਲਾਂ ਦੇ ਵਿਆਹ ਦੀ ਰੁੱਤੇ

ਅਪਣੇ ਅੰਦਰੋਂ ਮਿੱਟੀ ਵਰਗੀ ਖ਼ੁਸ਼ਬੂ ਆਉਂਦੀ ਜਾਪੇ ਓਦੋਂ
ਪੋਹ ਦੀ ਬਾਰਿਸ਼ ਵਰਗੇ ਸੱਜਣ ਮਿਲਣ ਜਦੋਂ ਕਰਸਾਹ ਦੀ ਰੁੱਤੇ

ਮੁਸ਼ਕਲ ਨਾਲ ਥਿਆਇਆ ਏਂ ਤੂੰ ਹੁਣ ਨਾ ਓਦਾਂ ਓਹਲੇ ਹੋਜੀਂ
ਜਿੱਦਾਂ ਗੁੰਮ ਗਿਆ ਸੀ ਕਿਧਰੇ ਤੂੰ ਸਾਡੀ ਪਰਵਾਹ ਦੀ ਰੁੱਤੇ

ਵਾਅਦਾ ਕਰੋ ਕਿ ਓਸ ਸਮੇਂ ਵੀ ਸੰਦਲੀ ਮੌਸਮ ਵਾਂਗ ਮਿਲੋਗੇ
ਟੁੱਟੇ ਪੱਤਿਆਂ ਵਾਂਗ ਅਸੀਂ ਜੇ ਆਏ ਕਦੇ ਪਨਾਹ ਦੀ ਰੁੱਤੇ

ਹੋਰ ਵੀ ਚੰਗਾ ਹੋਣਾ ਸੀ ਜੇ ਔਖੇ ਵਕਤੀਂ ਨਾਲ ਖਲੋਂਦੇ
ਫਿਰ ਵੀ ਹੈ ਧੰਨਵਾਦ ਤੁਹਾਡਾ ਆਏ ਤੁਸੀਂ ਸਲਾਹ ਦੀ ਰੁੱਤੇ

ਨੈਣਾਂ ਵਾਂਗਰ ਦਿਲ ਦੇ ਬੂਹੇ ਖੁੱਲ੍ਹੇ ਰੱਖਣਾ ਦਿਲਬਰ ਜੀਓ
ਮਹਿਕਾਂ ਵਾਂਗ ਦਰਾਂ 'ਤੇ ਇਕ ਦਿਨ ਆਉਣਾ ਅਸੀਂ ਉਮਾਹ ਦੀ ਰੁੱਤੇ

ਜੇ ਆਉਣਾ ਹੈ ਸੱਜਣ ਜੀ ਤਾਂ ਕਣਕਾਂ ਬੀਜਣ ਵੇਲੇ ਆਇਓ
ਹੈ ਸਾਡੇ ਮਜ਼ਦੂਰਾਂ ਕੋਲ਼ੇ ਕਿੱਥੇ ਵਕਤ ਕਪਾਹ ਦੀ ਰੁੱਤੇ
•

ਮੇਰੀ ਐਲਬਮ ਦੀਆਂ ਤਸਵੀਰਾਂ ਵਿਚ ਵੀ ਮੈਂ ਨਹੀਂ ਹਾਂ ਹੁਣ
ਮੇਰੇ ਸਾਹਵੇਂ ਖੜ੍ਹਾ ਸ਼ੀਸ਼ੇ 'ਚ ਵੀ ਕੋਈ ਓਪਰਾ ਹੁੰਦੈ

ਮੈਂ ਤੈਨੂੰ ਯਾਦ ਕਰ ਕੇ ਲਾਏ ਸਨ ਵਿਹੜੇ 'ਚ ਕੁਝ ਬੂਟੇ
ਤੇ ਹੁਣ ਜੋ ਫੁੱਲ ਖਿੜਦੈ ਹੂਬਹੂ ਤੇਰੇ ਜਿਹਾ ਹੁੰਦੈ

ਕਦੇ ਏਦਾਂ ਮਹਿਕ ਆਉਂਦੀ ਹੈ ਆਪਣੇ ਆਪ 'ਚੋਂ ਮੈਨੂੰ
ਜਿਵੇਂ ਤੂੰ ਆ ਕੇ ਮੇਰੇ ਕੋਲ਼ ਸਹਿਜੇ ਸਾਹ ਲਿਆ ਹੁੰਦੈ

ਹਵਾ ਵੀ ਸਿਰ ਹਿਲਾ ਕੇ ਬੇਵਸੀ ਜ਼ਾਹਰ ਹੈ ਕਰ ਦਿੰਦੀ
ਜਦੋਂ ਮੈਂ ਓਸ ਕੋਲ਼ੋਂ ਪੁੱਛਿਆ ਤੇਰਾ ਪਤਾ ਹੁੰਦੈ

ਜੋ ਪੱਤੇ ਰੁੱਖ ਤੋਂ ਝੜਦੇ ਉਹ ਸਾਰੇ ਖ਼ਤ ਤੇਰੇ ਲਗਦੇ
ਤੇ ਬੁੱਲਾ ਪੌਣ ਦਾ ਮੇਰੇ ਲਈ ਹੁਣ ਡਾਕੀਆ ਹੁੰਦੈ
•

✻

ਅੱਜਕੱਲ੍ਹ ਆਪਾਂ ਜ਼ਖ਼ਮਾਂ 'ਚੋਂ ਵੀ ਲੱਭ ਲਈਦੇ ਹਾਸੇ
ਐਵੇਂ ਭਾਰ ਜਿਹਾ ਈ ਬਣਦੇ ਹੁਣ ਤੇਰੇ ਧਰਵਾਸੇ

ਸੁਣਿਆ ਸੀ ਕਿ ਉਹਨਾਂ ਦੇ ਨੇ ਦਿਲ ਦਰਿਆਵਾਂ ਵਰਗੇ
ਆਪਾਂ ਜਿੰਨ੍ਹਾਂ ਦੇ ਦਰ ਤੋਂ ਹਾਂ ਪਰਤੇ ਸਦਾ ਪਿਆਸੇ

ਬੁੱਤਘਾੜਿਆਂ ਉੱਤੇ ਹੀ ਹੁਣ ਦੇਖੋ ਹੁਕਮ ਚਲਾਉਂਦੇ
ਪੱਥਰਾਂ ਨੂੰ ਘੜ-ਘੜ ਕੇ ਉਹਨਾਂ ਜਿਹੜੇ ਬੁੱਤ ਤਰਾਸ਼ੇ

ਜੀਵਨ ਦੇ ਦਰਿਆ ਵਿਚ ਆਉਂਦੇ ਐਸੇ ਬੇਵੱਸ ਪਲ ਵੀ
ਡੁਬਦੀ ਕਿਸ਼ਤੀ ਮੰਗਣ ਲਗਦੀ ਲਹਿਰਾਂ ਤੋਂ ਧਰਵਾਸੇ

ਜੇ ਨਾ ਕਾਬੂ ਹੋਇਆ ਆਖ਼ਰ ਉੱਗ ਆਵੇਗਾ ਅੰਦਰ
ਜ਼ਹਿਰੀ ਜੰਗਲ ਫੈਲ ਰਿਹਾ ਹੈ ਹੁਣ ਜੋ ਆਸੇ ਪਾਸੇ

ਨਾ ਹੀ ਅਸੀਂ ਕੁਸ਼ੱਲਿਆ ਜਾਏ ਨਾ ਦਸ਼ਰਥ ਦੇ ਵਾਰਸ
ਸਾਡੇ ਹਿੱਸੇ ਫਿਰ ਕਿਉਂ ਆਏ ਸਾਰੇ ਯੁੱਗ ਬਨਵਾਸੇ
•

ਸੁਗੰਧਾਂ ਝਰਨਿਆਂ ਹਰਿਆਲੀਆਂ ਦਾ
ਲੁਭਾਉਣਾ ਸ਼ੋਰ ਉਹ ਦਿਨ ਰਾਤ ਪਾਵੇ
ਸੁਭਾ ਦਾ ਰੰਗ ਫਿੱਕਾ ਦੇਖਦਾ ਨਈਂ
ਨਾ ਬਲ਼ਦੀ ਸ਼ਾਮ 'ਤੇ ਹੀ ਝਾਤ ਪਾਵੇ

ਸਿਆਣੀ ਹੈ ਜ਼ਿਆਦਾ ਹੀ ਘਟਾ ਇਹ
ਬਚਾ ਕੇ ਰੱਖਦੀ ਔੜਾਂ 'ਚ ਬਾਰਿਸ਼
ਜਦੋਂ ਬੰਨ੍ਹ ਟੁੱਟਦੇ ਦਰਿਆ ਦੇ ਕਿਧਰੇ
ਤਾਂ ਫਿਰ ਦਿਨ ਰਾਤ ਹੀ ਬਰਸਾਤ ਪਾਵੇ

ਵਿਵਸਥਾ ਨੂੰ ਕਿਉਂ ਮਨਜ਼ੂਰ ਹੋਵੇ
ਕਿ ਦੁਨੀਆ ਕਾਲਖਾਂ ਦੀ ਚੂਰ ਹੋਵੇ
ਇਹਨੂੰ ਚੁਭਦਾ ਹੈ ਉਹ ਹਰ ਇੱਕ ਸੂਰਜ
ਜੋ ਖ਼ੂਨੀ ਨ੍ਹੇਰਿਆਂ ਨੂੰ ਮਾਤ ਪਾਵੇ

ਮੁਖੌਟੇ ਮਗਰਲਾ ਚਿਹਰਾ ਵੀ ਦੇਖੀਂ
ਛਲੇਡੇ ਨੂੰ ਨਾ ਬੰਦਾ ਸਮਝ ਬੈਠੀਂ
ਬੁਝਾਉਂਦਾ ਦੇਖਿਆ ਦੀਵੇ ਉਹ ਰਾਤੀਂ
ਦਿਨੇਂ ਜੋ ਜੁਗਨੂੰਆਂ ਦੀ ਬਾਤ ਪਾਵੇ

•

ਭਿਆਨਕ ਵਕਤ ਹੀ ਦਿਸਿਆ ਹੈ ਜਦ-ਜਦ ਵੀ ਘੜੀ ਦੇਖੀ
ਮੈਂ ਇਹਨਾਂ ਸਾਵੀਆਂ ਰੁੱਤਾਂ 'ਚ ਹਰ ਪੱਤੀ ਸੜੀ ਦੇਖੀ

ਇਉਂ ਲੱਗਿਆ ਜਿਵੇਂ ਸੋਨੇ ਦੇ ਪਿੰਜਰੇ ਵਿਚ ਚਿੜੀ ਕੋਈ
ਤੇਰੀ ਤਸਵੀਰ ਜਦ ਮਹਿੰਗੇ ਫਰੇਮ ਅੰਦਰ ਜੜੀ ਦੇਖੀ

ਮਲਾਹ ਦੇਖੀ ਗਿਆ ਖੌਰੇ ਕਿਉਂ ਜਦ ਸ਼ਾਂਤ ਸੀ ਸਾਗਰ
ਉਹਨੇ ਠੇਲ੍ਹੀ ਉਦੋਂ ਕਿਸ਼ਤੀ ਸੁਨਾਮੀ ਜਦ ਚੜ੍ਹੀ ਦੇਖੀ

ਜੋ ਸਾਨੂੰ ਵੱਖਰੇ ਕਰਦੀ ਹੈ ਤੂੰ ਉਹ ਤੇੜ ਦੇਖੀ ਹੈ
ਅਸਾਨੂੰ ਜੋੜਦੀ ਹੈ ਜੋ ਮੈਂ ਇੱਕ ਐਸੀ ਕੜੀ ਦੇਖੀ

ਬੁਝੇ ਦੀਵੇ ਜਗਣ ਲੱਗੇ ਤੇ ਆ ਗਈ ਸੂਰਜਾਂ ਵਿਚ ਜਾਨ
ਹਨ੍ਹੇਰੇ ਨਾਲ ਯੁੱਧ ਲੜਦੀ ਜਦੋਂ ਇੱਕ ਫੁਲਝੜੀ ਦੇਖੀ

ਜੇ ਤੇਰੇ ਕੋਲ਼ ਕੋਈ ਸੱਚ ਹੈ ਤਾਂ ਧਰ ਤਲ਼ੀ ਉੱਤੇ
ਲੁਭਾਊ ਨਾਅਰਿਆਂ ਦੀ ਹੋਣੀ ਮੈਂ ਪਹਿਲਾਂ ਬੜੀ ਦੇਖੀ

•

ਅਸਾਨੂੰ ਖੌਫ਼ ਨਾ ਕੋਈ ਅਸਾਡੇ ਦੁਸ਼ਮਣਾਂ ਤੋਂ
ਤ੍ਰਹਿੰਦੇ ਹਾਂ ਬੜੇ ਲੇਕਿਨ ਸਬੂਤੇ ਦਰਪਣਾਂ ਤੋਂ

ਲੁਕੇ ਹੋਏ ਸੀ ਮੋਤੀ ਦਿਲ ਦੇ ਡੂੰਘੇ ਪਾਣੀਆਂ ਵਿਚ
ਤੁਸੀਂ ਪਰ ਮੁੜ ਗਏ ਹੋ ਜਿਸਮ ਦੇ ਹੀ ਪੱਤਣਾਂ ਤੋਂ

ਖ਼ਤਮ ਹੋ ਜਾਣੀ ਇਹ ਵੀ ਜੋ ਬਚੀ ਹੈ ਛਟਪਟਾਹਟ
ਅਜ਼ਾਦੀ ਪਾ ਸਕੇ ਨਾ ਜੇ ਸੁਨਹਿਰੀ ਵਲਗਣਾਂ ਤੋਂ

ਅਜਬ ਲੋਕੀਂ ਨੇ ਜੋ ਡੁਬਦੇ ਨੂੰ ਪੁੱਛਣ ਤੇਹ ਦੀ ਸੀਮਾ
ਤੇ ਪੁੱਛਦੇ ਅੱਗ ਦੀ ਤਾਸੀਰ ਵੀ ਮੱਚਦੇ ਵਣਾਂ ਤੋਂ

ਬੜਾ ਹੈਰਾਨ ਹਾਂ, ਪਿੰਜਰੇ ’ਚ ਖੁਸ਼ ਹੈ ਉਹ ਕਬੂਤਰ
ਜੋ ਕਿੰਨਾ ਮਚਲਿਆ ਕਰਦਾ ਸੀ ਥੋੜ੍ਹੀ ਵਰਜਣਾ ਤੋਂ
•

✻

ਅੱਖ 'ਚ ਪਾਇਆ ਵੀ ਨਾ ਤੈਨੂੰ ਰੜਕਾਂਗਾ
ਮੈਂ ਬਸ ਤੇਰੇ ਖ਼ਾਬ ਜਿਹਾ ਹੋ ਜਾਵਾਂਗਾ

ਜੀਣਾ ਪਿਆ ਤਾਂ ਤੇਰੇ ਬਿਨ ਵੀ ਜੀਵਾਂਗਾ
ਵੱਖਰੀ ਗੱਲ ਹੈ ਕਿ ਮੈਂ ਕਿੰਨਾ ਤੜਫਾਂਗਾ

ਬਲ਼ਦੇ ਰਾਹ ਵੀ ਰੋਕ ਸਕਣਗੇ ਨਾ ਮੈਨੂੰ
ਤੂੰ ਸੱਦੀਂ, ਦਰਿਆ ਦੇ ਵਾਂਗੂੰ ਆਵਾਂਗਾ

ਸੱਭੇ ਰੰਗਾਂ ਤੋਂ ਹੀ ਵੱਖਰੇ ਹੋਵਣਗੇ
ਕੈਨਵਸ 'ਤੇ ਮੈਂ ਜਿਹੜੇ ਰੰਗ ਉਤਾਰਾਂਗਾ

ਮਿੱਟੀ ਦੀ ਸਹੁੰ ਖਾ ਕੇ ਜੂਹ 'ਚੋਂ ਤੁਰਿਆ ਹਾਂ
ਇਸ ਦੀ ਗੁੰਮੀ ਖ਼ੁਸ਼ਬੂ ਲੈ ਕੇ ਪਰਤਾਂਗਾ

•

ਅਸਾਡੀ ਤੇਹ ਅਧੂਰੀ ਹੈ ਜਾਂ ਫਿਰ ਮੌਸਮ ਦੀ ਰੰਜਿਸ਼ ਹੈ
ਘਟਾਵਾਂ ਤਾਂ ਸਿਰਾਂ 'ਤੇ ਨੇ ਪਰੰਤੂ ਦੂਰ ਬਾਰਿਸ਼ ਹੈ

ਤਿਤਲੀਆਂ ਬਾਗ ਦੀ ਥਾਵੇਂ ਸ਼ਹਿਰ ਨੂੰ ਜਾਂਦੀਆਂ ਨੇ ਹੁਣ
ਬਜ਼ਾਰੀ ਫੁੱਲਾਂ 'ਤੇ ਕੁਝ ਇਸ ਤਰਾਂ ਰੰਗਾਂ ਦੀ ਪਾਲਿਸ਼ ਹੈ

ਹਵਾ ਨੇ ਜੇ ਬੁਝਾ ਦਿੱਤਾ ਤਾਂ ਇਸ ਨੂੰ ਮੌਤ ਨਾ ਸਮਝੋ
ਬਣੇਗਾ ਦੀਪ ਮੁੜ ਕੇ ਉਹ, ਉਹਦੇ ਲੂੰ-ਲੂੰ 'ਚ ਆਤਿਸ਼ ਹੈ

ਤੁਹਾਡੇ ਵਾਂਗ ਜੇ ਪੈਰਾਂ 'ਚ ਤੇਜ਼ੀ ਨਈਂ ਤਾਂ ਕੀ ਹੋਇਆ
ਮੇਰਾ ਤੁਰਨਾ ਸਫ਼ਰ ਹੈ ਪਰ ਤੁਹਾਡੀ ਦੌੜ ਗ਼ਰਦਿਸ਼ ਹੈ

ਸਦਾ ਬਣ ਕੇ ਨਹੀਂ ਰਹਿੰਦੇ ਨਦੀ ਦੀ ਤੋਰ ਦੇ ਦਰਸ਼ਕ
ਮਹਾਂਸਾਗਰ ਖੰਘਾਲਣ ਦੀ ਜਿਨ੍ਹਾਂ ਲੋਕਾਂ ਦੀ ਖਾਹਿਸ਼ ਹੈ

ਬਜ਼ਾਰੀਕਰਨ ਦਾ ਜੇ ਦੇਖਣਾ ਹੈ ਸਿਖਰ ਅਹੁ ਦੇਖੋ
ਕਿ ਲੱਗੀ ਝੁੱਗੀਆਂ ਵਿਚਕਾਰ ਰੋਟੀ ਦੀ ਨੁਮਾਇਸ਼ ਹੈ

ਮੇਰੀ ਤਾਸੀਰ ਕੀ ਹੈ, ਖ਼ੂਬ ਬਹਿਸਾਂ ਕਰ ਰਹੇ ਨੇ ਉਹ
ਮੇਰੇ ਨੈਣਾਂ 'ਚ ਪਾਣੀ ਹੈ ਮੇਰੇ ਸੀਨੇ 'ਚ ਆਤਿਸ਼ ਹੈ

•

✕

ਖੇਤਾਂ ਅੰਦਰ ਸਾਵੀ ਰੰਗਤ ਦੂਰ ਤੀਕ ਲਹਿਰਾਵੇ
ਖੇਤ-ਲਲਾਰੀ ਦੇ ਹਿੱਸੇ ਪਰ ਰੰਗ ਕਾਲ਼ਾ ਹੀ ਆਵੇ

ਹੱਥਾਂ 'ਤੇ ਹੱਥ ਧਰ ਕੇ ਬੈਠੇ ਰੋਂਦੇ ਨੇ ਸ਼ਰਧਾਲੂ
ਗ਼ੈਰਾਂ ਦੇ ਪਹਿਰੇ ਵਿਚ ਜਾਂਦਾ ਸੋਮਨਾਥ ਮੁਸਕਾਵੇ

ਨਹਿਰ ਕਿਨਾਰੇ ਬੈਠ ਵਿਚਾਰਾਂ ਕਰਦੇ ਬੁੱਧੀਜੀਵੀ
ਆਖਣ ਡੁੱਬ ਰਹੇ ਬੰਦੇ ਨੂੰ, ਇੰਝ ਨਾ ਸ਼ੋਰ ਮਚਾਵੇ

ਰੋਜ਼ ਵਹਾਉਂਦਾ ਹੰਝੂ ਚੇਤੇ ਕਰ ਕੇ ਪਿੰਡ ਦੀ ਮਿੱਟੀ
ਡਰਦਾ ਉਡਦੀ ਮਿੱਟੀ ਤੋਂ ਪਰ ਪਿੰਡ ਕਦੇ ਨਾ ਜਾਵੇ

ਕਸ ਕੇ ਫੜਿਆਂ ਮਰ ਜਾਂਦਾ ਹੈ, ਖੁੱਲ੍ਹਾ ਛੱਡਿਆਂ ਉੱਡੇ
ਇਹ ਰਿਸ਼ਤੇ ਦਾ ਪੰਛੀ ਮੋਹ ਸੰਗ ਰਹਿੰਦਾ ਬੱਸ ਕਲਾਵੇ
•

ਅਣਹੋਣੀਆਂ ਨੇ ਲੁਕੀਆਂ ਜੇਕਰ ਦਰਾਂ ਦੇ ਓਹਲੇ
ਤਾਕਤ ਵੀ ਇੱਕ ਪਈ ਹੈ ਮਨ ਦੇ ਡਰਾਂ ਦੇ ਓਹਲੇ

ਦਿਸਦੇ ਨੂੰ ਸੱਚ ਮੰਨ ਕੇ ਖਾ ਗਏ ਹੋ ਫੇਰ ਧੋਖਾ
ਕੁੱਝ ਹੋਰ ਸੀ ਹਕੀਕਤ ਜਾਦੂਗਰਾਂ ਦੇ ਓਹਲੇ

ਰਾਹਾਂ ਦੇ ਪੱਥਰਾਂ ਨੇ ਛਿੱਲ ਦਿੱਤੇ ਪੈਰ ਤਾਂ ਕੀ
ਮੰਜ਼ਿਲ ਦਾ ਹੈ ਸੁਨੇਹਾ ਸਭ ਠੋਕਰਾਂ ਦੇ ਓਹਲੇ

ਅੰਦਰ ਸਮੋਇਆ ਸੱਚ ਦੇ, ਸੌ ਸੂਰਜਾਂ ਦਾ ਚਾਨਣ
ਰਹਿਣੇ ਕਦੋਂ ਕੁ ਤੀਕਰ ਸਾਰੇ ਤਰਾਂ ਦੇ ਓਹਲੇ

ਬੈਠੇ ਉਡੀਕਦੇ ਹੀ ਰਹਿ ਗਏ ਨੇ ਸਭ ਸ਼ਿਕਾਰੀ
ਪੰਛੀ ਉਡਾ ਕੇ ਲੈ ਗਏ ਅੰਬਰ ਪਰਾਂ ਦੇ ਓਹਲੇ
•

ਮੇਰੇ ਸ਼ਿਅਰਾਂ 'ਚ ਡੂੰਘੇ ਜ਼ਖ਼ਮ ਵੀ ਨੇ
ਤੇ ਮੱਲ੍ਹਮ ਵਰਗੇ ਵੀ ਅਹਿਸਾਸ ਨੇ ਕੁਝ
ਸਮਝ ਆਉਣਾ ਨਹੀਂ ਕੁਝ ਵੀ ਤੁਹਾਨੂੰ
ਜੇ ਆਹਾਂ ਦੇ ਤੁਸੀਂ ਪਾਠਕ ਨਹੀਂ ਹੋ

ਚਿਰਾਂ ਤੋਂ ਹੋ ਰਹੇ ਇਸ ਯੁੱਧ ਵਿਚ ਅੱਜ
ਮੇਰੇ ਸੀਨੇ 'ਚ ਲੱਥੇ ਅਗਨ-ਤੀਰੋ
ਤੁਸੀਂ ਕਾਰਨ ਹੋ ਮੇਰੀ ਮੌਤ ਦੇ, ਪਰ
ਉਹਨਾਂ ਦੀ ਜਿੱਤ ਦੇ ਸੂਚਕ ਨਹੀਂ ਹੋ

'ਯੁਗਾਂ ਤੋਂ ਹੀ ਨੇ ਇਹ ਹਾਲਾਤ ਏਥੇ
ਕੋਈ ਤਬਦੀਲੀ ਹੋ ਸਕਦੀ ਨਹੀਂ ਹੈ'
ਜੇ ਏਦਾਂ ਸੋਚਦੇ ਹੋ, ਮਾਫ਼ ਕਰਨਾ
ਤੁਸੀਂ ਇਤਿਹਾਸ ਦੇ ਪਾਠਕ ਨਹੀਂ ਹੋ

ਅਗਨ ਹੁਣ ਨਿਕਲ ਕੇ ਚੁੱਲ੍ਹਿਆਂ ਤੋਂ ਬਾਹਰ
ਨਗਰ ਵਿਚ ਸ਼ੂਕਦੀ ਫਿਰਦੀ ਹੈ ਬੇ-ਡਰ
ਪਛਾਣੋ ਆਪਣੀ ਹਸਤੀ ਨੂੰ ਯਾਰੋ
ਤੁਸੀਂ ਬਸ ਏਸ ਦੇ ਦਰਸ਼ਕ ਨਹੀਂ ਹੋ

•

ਵਕਤ ਦਾ ਹੱਲਾ ਸੀ ਕੁਝ ਏਨਾ ਕਰੂਰ
ਬਸ ਬਚੀ ਹੈ ਸੁਪਨਿਆਂ ਦੀ ਚੂਰ-ਭੂਰ

ਹੁਣ ਕਿਸੇ ਦਸਤਕ ’ਤੇ ਦਰ ਨੀਂ ਖੋਲ੍ਹਦਾ
ਵਰਤਿਆ ਉਸ ਨਾਲ ਕੁਝ ਏਨਾ ਕਰੂਰ

ਨੇੜੇ-ਨੇੜੇ ਹੋ ਰਿਹੈਂ ਜਿੰਨਾ ਮੇਰੇ
ਜਾ ਰਿਹੈਂ ਕਿਉਂ ਦਿਲ ਤੋਂ ਓਨਾ ਦੂਰ-ਦੂਰ

ਪੱਥਰਾਂ ਸੰਗ ਭਰ ਦਿੱਤੀ ਬੇਦੋਸ਼ ਝੀਲ
ਮਾਰਿਆ ਗਿਆ ਚੰਨ ਰਾਤੀਂ ਬੇਕਸੂਰ

ਮੈਂ ਜੋ ਮਹਿਸੂਸਾਂਗਾ ਬੋਲਾਂਗਾ ਉਹੀ
ਕਹਿ ਨਹੀਂ ਸਕਦਾ ਹਮੇਸ਼ਾ ‘ਜੀ-ਹਜ਼ੂਰ’
•

ਤੂੰ ਸ਼ਰਧਾ ਦੀ ਐਨਕ ਲਾ ਕੇ ਬੋਦੇ ਗ੍ਰੰਥ ਫਰੋਲ ਰਿਹਾ
ਵਰਤਮਾਨ ਦੇ ਰੋਗ ਦੀ ਦਾਰੂ ਬੀਤੇ ਯੁੱਗ 'ਚੋਂ ਟੋਲ ਰਿਹਾ

ਮਾਂ ਅੰਬਰ ਦਾ ਖੁੱਲ੍ਹਾਪਣ ਸੀਮਾਵਾਂ ਖ਼ਤਰੇ ਦੱਸ ਰਹੀ
ਬੋਟ ਨਿਗਾਹਾਂ ਉੱਤੇ ਕਰ ਕੇ ਉੱਡਣ ਲਈ ਪਰ ਤੋਲ ਰਿਹਾ

ਸੁਣਿਆ ਹੈ ਉਹ ਸ਼ੇਰ ਵੀ ਅੱਜਕੱਲ੍ਹ ਸਰਕਸ ਦੇ ਵਿੱਚ ਨਚਦਾ ਹੈ
ਜੀਹਦੇ ਡਰ ਤੋਂ ਸੀ ਜੰਗਲ ਦਾ ਚੱਪਾ-ਚੱਪਾ ਡੋਲ ਰਿਹਾ

ਘੁੱਪ ਹਨ੍ਹੇਰੇ ਵਿੱਚ ਵੀ ਕੋਈ ਦੀਵਾ ਜਗਦਾ ਦਿਸਦਾ ਹੈ
ਅੰਨ੍ਹੀ ਦਹਿਸ਼ਤ ਦੇ ਅੰਦਰ ਵੀ ਹੈ ਕੋਈ ਬੂਹਾ ਖੋਲ੍ਹ ਰਿਹਾ

ਜੇਕਰ ਅਪਣੀ ਵਿਗੜ ਗਈ ਤਾਂ ਦੇਹਲੀ ਵੀ ਨਾ ਟੱਪ ਹੋਣੀ
ਸਮਿਆਂ ਨੂੰ ਵੀ ਲੰਘ ਜਾਵਾਂਗੇ ਜੇ ਬਣਿਆ ਸਮਤੋਲ ਰਿਹਾ

•

ਫੁੱਲਾਂ ਦੀ ਥਾਂ ਟੁਕੜੇ-ਟੁਕੜੇ ਹੋਏ ਅਪਣੇ ਖ਼ਾਬ ਵਿਛਾ ਕੇ
ਤੇਰੀ ਆਮਦ ਲਈ ਬੈਠਾ ਹਾਂ ਅੱਜ ਮੈਂ ਰਸਤਾ ਖ਼ੂਬ ਸਜਾ ਕੇ

ਯਾਰਾਂ ਨੇ ਤਾਂ ਬਹੁਤ ਕਿਹਾ ਸੀ ਕੀ ਖੱਟੇਂਗਾ ਜ਼ਿੱਦ ਪੁਗਾ ਕੇ
ਦਿਲ ਤਾਂ ਦਿਲ ਸੀ ਕਿੰਝ ਸਮਝਦਾ ਸੰਭਲਿਆ ਖ਼ੁਦ ਠੋਕਰ ਖਾ ਕੇ

ਕਿਹੜੇ ਪੈਂਡੇ ਤੈਅ ਹੋਣੇ ਨੇ ਛਾਵਾਂ ਦੇ ਸੰਗ ਯਾਰੀ ਲਾ ਕੇ
ਕਿਹੜੀ ਸੁੱਖ ਹੈ ਪੂਰੀ ਹੋਣੀ ਪੱਥਰਾਂ ਉੱਤੇ ਫੁੱਲ ਚੜ੍ਹਾ ਕੇ

ਹਰ ਫੁੱਲ ਮਹਿਕਾਂ ਭਰਿਆ ਹੋਊ ਸਭ ਰੁੱਖਾਂ ਨੂੰ ਫ਼ਲ ਲੱਗਣਗੇ
ਇਸ ਵਾਰੀ ਵੀ ਮੁੜ ਗਿਆ ਕੋਈ ਸੁੱਕੇ ਬਾਗ ਨੂੰ ਲਾਰਾ ਲਾ ਕੇ

ਜੇਕਰ ਮਿਲਣੈ ਤਾਂ ਹਉਮੈਂ ਨੂੰ ਕੂੜੇਦਾਨ 'ਚ ਸੁੱਟ ਕੇ ਆਈਂ
ਮੈਂ ਵੀ ਤੇਰੀ ਰਾਹ ਦੇਖਾਂਗਾ ਇਲਜ਼ਾਮਾਂ ਦੀ ਐਨਕ ਲਾਹ ਕੇ

ਬਹਿਸਾਂ ਦੇ ਵਿੱਚ ਲਾਈਲੱਗ ਦਾ ਚਿੜਨਾ ਬਹੁਤ ਸੁਭਾਵਕ ਹੁੰਦੈ
ਹੋ ਜਾਂਦੈ ਪ੍ਰੇਸ਼ਾਨ ਹਮੇਸ਼ਾ ਖੂਹ ਦਾ ਡੱਡੂ ਮੌਣ 'ਤੇ ਆ ਕੇ

ਖੰਭਾਂ ਵਿਚਲੀ ਜਾਨ ਸਤਾਉਂਦੀ ਰਹਿੰਦੀ ਪਲ-ਪਲ ਸੀਖਾਂ ਅੰਦਰ
ਨੀਲੇ ਅੰਬਰ ਦਾ ਚੇਤਾ ਵੀ ਰਖਦੈ ਪੰਛੀ ਨੂੰ ਤੜਫਾ ਕੇ

•

✲

ਜੋ ਦਿਲ ਦੀ ਕਿਆਰੀ ਤੋਂ ਰੂਹ ਤੀਕ ਹੋਏ
ਬੜੇ ਔਖੇ ਨੇ ਪੂਰਨੇ ਐਸੇ ਟੋਏ

ਉਹ ਹਰ ਥਾਂ ਤੋਂ ਖ਼ੁਸ਼ਬੂ ਨੇ ਕਰ ਦਿੱਤੇ ਜ਼ਾਹਰ
ਮੈਂ ਜਿਹੜੀ ਵੀ ਥਾਵੇਂ ਤੇਰੇ ਖ਼ਤ ਲੁਕੋਏ

ਉਹ ਇਕ ਨਦੀ ਸੀ ਮੈਂ ਰੁੱਖ ਸੀ ਕਿਨਾਰੇ
ਅਸੀਂ ਮਿਲ ਸਕੇ ਨਾ ਜੁਦਾ ਵੀ ਨਾ ਹੋਏ

ਵਿਦਾਈ ਸਮੇਂ ਕੈਸੀ ਮਜਬੂਰੀ ਸੀ ਕਿ
ਬੜੇ ਹੱਥ ਤੜਪੇ ਹਿਲਾ ਵੀ ਨਾ ਹੋਏ

ਗ਼ਜ਼ਲ ਨੇ ਉਹ ਗ਼ੈਰਾਂ 'ਚ ਵੀ ਖੋਲ੍ਹ ਦਿੱਤੇ
ਮੈਂ ਜੋ ਭੇਤ ਯਾਰਾਂ ਤੋਂ ਵੀ ਸੀ ਲੁਕੋਏ

•

✻

ਦੋਸਤਾਂ ਖ਼ਾਤਰ  ਤਲ਼ੀ ’ਤੇ ਜਾਨ ਹਾਜ਼ਰ ਹੈ
ਦੁਸ਼ਮਣਾਂ ਲਈ ਲਿਸ਼ਕਦੀ ਕਿਰਪਾਨ ਹਾਜ਼ਰ ਹੈ

ਬੰਦਿਸ਼ਾਂ ਜੇ ਲਾਉਣ ਦਾ ਫ਼ਰਮਾਨ ਹਾਜ਼ਰ ਹੈ
ਬੰਦਿਸ਼ਾਂ ਤੋੜਨ ਦਾ ਵੀ ਐਲਾਨ ਹਾਜ਼ਰ ਹੈ

ਜਦ ਗਲ਼ਾ ਸੀ ਦੱਬਿਆ ਤਦ ਤਾਂ ਕੋਈ ਨਾ ਸੀ
ਚੀਕ ਨੂੰ ਰੋਕਣ ਲਈ ਸੰਵਿਧਾਨ ਹਾਜ਼ਰ ਹੈ

ਨਗ਼ਮਿਆਂ ਨੂੰ ਗਾਉਣ ਵੇਲੇ ਤਾਂ ਨਹੀਂ ਲੱਭੀ
ਨਗ਼ਮਿਆਂ ਦੀ ਮੌਤ ਉੱਤੇ ਤਾਨ ਹਾਜ਼ਰ ਹੈ

ਕਾਇਰਾਂ ਖ਼ਾਤਰ ਬਹਾਨੇ ਨੇ ਬੜੇ ਹਾਜ਼ਰ
ਯੋਧਿਆਂ ਲਈ ਸਾਹਮਣੇ ਮੈਦਾਨ ਹਾਜ਼ਰ ਹੈ

•

ਜਿੱਤਾਂ ਦਾ ਹੰਕਾਰ ਕਿਤੇ ਅੰਧਕਾਰ ਨਾ ਕਰਦੇ ਮੱਥੇ 'ਤੇ
ਛਾਤੀ ਉੱਤੋਂ ਤਗਮੇ ਚੱਕ ਲੈ ਚਾਨਣ ਧਰ ਦੇ ਮੱਥੇ 'ਤੇ

ਰੁੱਤ ਏਨੀ ਬਰਫ਼ੀਲੀ ਹੋ ਗਈ ਖ਼ੂਨ ਨਸਾਂ ਵਿੱਚ ਜੰਮ ਸਕਦੈ
ਹੁਣ ਤੂੰ ਬਲ਼ਦੀ ਅੱਗ ਲਿਆ ਕੇ ਰੱਖ ਦੇ ਠਰਦੇ ਮੱਥੇ 'ਤੇ

ਮੈਂ ਇੱਕ ਸੁਕਦੇ ਬੂਟੇ ਦੀ ਜੜ ਨੂੰ ਪਾਣੀ ਦੇ ਆਇਆ ਹਾਂ
ਤੇ ਉਹ ਤਿਲਕ ਲ਼ਗਾ ਆਇਆ ਹੈ ਇੱਕ ਪੱਥਰ ਦੇ ਮੱਥੇ 'ਤੇ

ਸੱਤ ਪਰਤਾਂ ਦੇ ਹੇਠੋਂ ਆ ਕੇ ਸੈਆਂ ਸੱਚ ਨੇ ਮਿਲਦੇ ਧਾ ਕੇ
ਜੇਕਰ ਸ਼ਰਧਾ ਵਾਲੇ ਲਾਏ ਹੋਣ ਨਾ ਪਰਦੇ ਮੱਥੇ 'ਤੇ

ਜੇ ਸੀਨੇ ਵਿੱਚ ਖੁਭਦੇ ਤਾਂ ਕੋਈ ਚਿੰਤਾ ਵਾਲੀ ਗੱਲ ਨਾ ਸੀ
ਲੇਕਿਨ ਖ਼ਤਰਾ ਹੈ ਹੁਣ ਸਾਰੇ ਤੀਰ ਨੇ ਵਰ੍ਹਦੇ ਮੱਥੇ 'ਤੇ

•

ਰਹਿਣ ਬੇਗਾਨਗੀ ਵਿੱਚ ਧੁੱਪਾਂ ਛਾਵਾਂ
ਹਵਾ ਦੇ ਢੰਗ ਬਦਲੇ ਲੱਗ ਰਹੇ ਨੇ
ਸਮੇਂ ਕੈਸੇ ਇਹ ਆਏ ਧਰਤੀ ਉੱਤੇ
ਕਿ ਪੱਤੇ ਹੁਣ ਜੜ੍ਹਾਂ ਨੂੰ ਠੱਗ ਰਹੇ ਨੇ

ਕਈ ਸਦੀਆਂ ਤੋਂ ਥਲ ਦੀ ਰੇਤ ਤੜਪੇ
ਕਈ ਸਦੀਆਂ ਤੋਂ ਮਰਦੇ ਬੀਜ ਸੜ ਕੇ
ਇਹਨਾਂ ਦਰਿਆਵਾਂ ਦੇ ਹੀ ਦਿਲ ਨਹੀਂ ਹਨ
ਅਜੇ ਵੀ ਸਾਗਰਾਂ ਵੱਲ ਵਗ ਰਹੇ ਨੇ

ਹਵਾ ਨੂੰ ਵੀ ਮੇਰੇ ਤੋਂ ਦੂਰ ਕਰ ਗਏ
ਮੇਰੀ ਛਾਤੀ 'ਤੇ ਵੀ ਉਹ ਬਰਫ਼ ਧਰ ਗਏ
ਪਰੰਤੂ ਦਹਿਕਦੇ ਓਸੇ ਜਲੌਅ ਵਿਚ
ਜੋ ਕੋਲੇ ਸੀਨੇ ਅੰਦਰ ਮਘ ਰਹੇ ਨੇ

ਬਣੇ ਬਾਗਾਂ ਦੇ ਪਹਿਰੇਦਾਰ ਨੇ ਜੋ
ਵਿਲੱਖਣ ਕਿਸਮ ਦੇ ਕਿਰਦਾਰ ਨੇ ਉਹ
ਨਾ ਸਹਿੰਦੇ ਤਿਤਲੀਆਂ ਫੁੱਲਾਂ ਦਾ ਮਿਲਣਾ
ਤੇ ਖ਼ੁਦ ਉਹ ਖ਼ੁਸ਼ਬੂਆਂ ਗਲ਼ ਲੱਗ ਰਹੇ ਨੇ

ਸਿਰਾਂ 'ਤੇ ਸਾਕਿਆਂ ਦੀ ਧੁੱਪ ਤਣੀ ਹੈ
ਤੇ ਫਿਰ ਵੀ ਚਿਹਰਿਆਂ 'ਤੇ ਮੁਸਕਣੀ ਹੈ
ਸਿਆਹ ਵਕਤਾਂ 'ਚ ਸੂਹੇ ਖ਼ਾਬ ਲੈਂਦੇ
ਇਹੀ ਰਹਿਬਰ ਸਮੇਂ ਦੇ ਲੱਗ ਰਹੇ ਨੇ

ਹਨ੍ਹੇਰੀ ਨੇ ਜ਼ੁਲਮ ਦੀ ਹੱਦ ਕੀਤੀ
ਇਹਨਾਂ ਉੱਤੇ ਕਜ਼ਾ ਹਰ ਰੋਜ਼ ਬੀਤੀ
ਹੋਏ ਨਈਂ ਫ਼ਰਜ਼ ਤੋਂ ਬੇਮੁੱਖ ਦੀਵੇ
ਬੜੇ ਸਿਰੜੀ ਨੇ ਹੁਣ ਵੀ ਜਗ ਰਹੇ ਨੇ
•

ਚਲੋ ਜੇ ਖ਼ਤ ਨਹੀਂ ਕੋਰਾ ਸਫ਼ਾ ਹੀ ਦੇ ਦਿਓ
ਵਫ਼ਾ ਜੇਕਰ ਨਹੀਂ ਕਰਨੀ ਦਗ਼ਾ ਹੀ ਦੇ ਦਿਓ

ਹੰਢਾਈਆਂ ਬਹੁਤ ਨੇ ਨਜ਼ਦੀਕੀਆਂ ਵਿਚ ਦੂਰੀਆਂ
ਚਲੋ ਹੁਣ ਦੂਰੀਆਂ ਦਾ ਰਾਬਤਾ ਹੀ ਦੇ ਦਿਓ

ਸਿਆਣਪ ਵਰਤ ਲਈ ਏਨੀ ਕਿ ਰਿਸ਼ਤਾ ਟੁੱਟ ਗਿਆ
ਜੁਦਾਈ ਵਕਤ ਹੁਣ ਕੋਈ ਖ਼ਤਾ ਹੀ ਦੇ ਦਿਓ

ਮੈਂ ਆਉਣਾ ਵੀ ਨਹੀਂ ਨਾ ਖੋਲ੍ਹਣੈ ਬੂਹਾ ਤੁਸੀਂ
ਭਰਮ ਰੱਖਣ ਲਈ ਅਪਣਾ ਪਤਾ ਹੀ ਦੇ ਦਿਓ

ਅਸੰਭਵ ਹੈ ਕਿਸੇ ਹੀਲੇ ਵੀ ਹੁਣ ਰਹਿਣਾ ਇਕੱਠੇ
ਦਿਲਾਂ ਵਿਚ ਰੰਜ ਨੇ ਜਦ ਅਲਵਿਦਾ ਹੀ ਦੇ ਦਿਓ

ਆਪਣੇ ਵਿਚਕਾਰਲੀ ਟੁੱਟੀ ਜਦੋਂ ਬਾਰੀਕ ਤਾਰ
ਹੋ ਗਈ ਬਾਹਰ ਸੁਰਾਂ ਤੋਂ ਜ਼ਿੰਦਗੀ ਵਾਲੀ ਗਿਟਾਰ

ਕਮਰੇ ਅੰਦਰ ਖਿਲਰਿਆ ਪਿਆ ਹੈ ਅਜੇ ਸਾਰਾ ਸਮਾਨ
ਖ਼ੁਦ ਨੂੰ ਕੱਠਾ ਕਰਨ ਵਿਚ ਹੀ ਲੰਘਿਆ ਹਰ ਐਤਵਾਰ

ਚੁਭਦਾ ਹੈ ਅੱਖਾਂ 'ਚ ਕਿਰਚਾਂ ਵਾਂਗਰਾਂ ਰਾਤਾਂ ਨੂੰ ਚੰਨ
ਘੇਰ ਕੇ ਰਖਦੇ ਡਰਾਉਣੇ ਖਿਆਲ ਦਿਨ ਭਰ ਬੇਸ਼ੁਮਾਰ

ਹੋ ਗਿਆਂ ਬੁਜ਼ਦਿਲ ਬੜਾ ਹੁਣ ਝਿਜਕਦਾਂ ਕੁਝ ਕਰਨ ਤੋਂ
ਮੈਂ ਸੀ ਬੇਪਰਵਾਹ ਜਦੋਂ ਤੱਕ ਸੀ ਮੁਹੱਬਤ ਦਾ ਖ਼ੁਮਾਰ

ਦਰਦ ਇਹ ਕੈਸਾ ਹੈ ਜਿਸ ਨੇ ਖੋਹ ਲਏ ਤਾਰੇ ਅਸੰਖ
ਦਰਦ ਇਹ ਕੈਸਾ ਹੈ ਜਿਸ 'ਚੋਂ ਲੱਭ ਗਏ ਸੂਰਜ ਹਜ਼ਾਰ

ਜੇ ਦੁਚਿੱਤੀ ਵਿਚ ਰਹੇ ਤਾਂ ਰੋਲ਼ ਦੇਵੇਗਾ ਸਮਾਂ
ਫ਼ੈਸਲੇ ਦੀ ਹੈ ਘੜੀ ਹੋਣਾ ਪਵੇਗਾ ਆਰ-ਪਾਰ

ਮੁੱਠੀ ਵਿਚਲੇ ਬੀਆਂ ਨੂੰ ਕਰ ਦੇ ਹਵਾਲੇ ਧਰਤ ਦੇ
ਏਸ ਰੱਕੜ ਭੋਇੰ 'ਤੇ ਹੀ ਝੂੰਮਣੇ ਇਕ ਦਿਨ ਚਨਾਰ

•

ਸ਼ਹਿਰ ਤਾਂ ਦਿਨ ਰਾਤ ਤੇਰੇ ਸਾਹਮਣੇ ਬਲ਼ਦਾ ਰਿਹਾ
ਕਾਲ਼ਿਆ ਬੱਦਲਾ ਵੇ ਤੂੰ ਕੀ ਸੋਚ ਕੇ ਟਲ਼ਦਾ ਰਿਹਾ

ਡੋਲ੍ਹ ਕੇ ਹੰਝੂ ਖ਼ਤਾਂ ਵਿਚ ਟਿਕਟ ਲਾ ਕੇ ਰੱਤ ਦੀ
ਬਿਨ ਪਤਾ ਲਿਖਿਆਂ ਹਵਾਵਾਂ ਹੱਥ ਕੋਈ ਘਲਦਾ ਰਿਹਾ

ਬੀਚ ’ਤੇ ਬੈਠੇ ਅਸੀਂ ਵੇਂਹਦੇ ਰਹੇ ਨੀਲਾ ਸਮੁੰਦਰ
ਵਕਤ ਸਾਡੇ ਡੌਲ਼ਿਆਂ ਦੀਆਂ ਮੱਛੀਆਂ ਤਲ਼ਦਾ ਰਿਹਾ

ਛੱਡਿਆ ਤੁਰਨਾ ਨਹੀਂ ਜੀਵਨ ਦੀ ਗਿੱਲੀ ਵੱਟ ’ਤੇ
ਹਰ ਕਦਮ ਉੱਤੇ ਹੀ ਭਾਵੇਂ ਪੈਰ ਫਿਸਲਦਾ ਰਿਹਾ

ਮੰਜ਼ਿਲਾਂ ਨੂੰ ਸਮਝ ਕੇ ਘੜੀਆਂ ਪਲਾਂ ਦੀ ਠਹਿਰ ਬਸ
ਉਮਰ ਸਾਰੀ ਮੈ ਮੁਸਾਫ਼ਰ ਦੀ ਤਰਾਂ ਚਲਦਾ ਰਿਹਾ

•

ਏਸ ਤਰਾਂ ਦੇ ਰਾਹੀ ਬਣਿਆਂ ਮੰਜ਼ਿਲ ਮਿਲਣੀ ਅੱਤ ਮੁਹਾਲ
ਮਨ ਦਾ ਰਸਤਾ ਘਰ ਵੱਲ ਹੋਵੇ ਪੈਰ ਤੁਰਨ ਦਰਿਆਵਾਂ ਨਾਲ

ਕਈ ਵਾਰੀ ਉਹ ਰੁੱਖ ਵੀ ਛਾਂ ਦੇਣੋ ਕਰ ਦਿੰਦੇ ਨੇ ਇਨਕਾਰ
ਜਿੰਨ੍ਹਾਂ ਨੂੰ ਹੈ ਸਿੰਜਿਆ ਹੁੰਦਾ ਔੜਾਂ ਵਿੱਚ ਲਹੂ ਦੇ ਨਾਲ

ਬੰਦਾ ਏਸ ਤਰਾਂ ਦੀਆਂ ਭੁੱਲਾਂ ਵੀ ਕਰ ਬਹਿੰਦੈ, ਜਿੰਨ੍ਹਾਂ ਦਾ
ਜੀਵਨ ਭਰ ਪਰਛਾਵੇਂ ਵਾਂਗੂੰ ਚਲਦਾ ਹੈ ਪਛਤਾਵਾ ਨਾਲ

ਡੂੰਘੇ ਸਾਗਰ ਹੇਠੋਂ ਮੋਤੀ ਖ਼ੁਦ ਚੂਲ਼ੀ ਵਿਚ ਆ ਸਕਦੇ ਨੇ
ਚੂਲ਼ੀ ਵਿਚਲਾ ਪਾਣੀ ਬਣ ਸਕਦਾ ਹੈ ਇੱਕ ਸਦੀਵੀ ਭਾਲ

ਜੀਵਨ ਦਾ ਹਰ ਸਫ਼ਰ ਮੁਲਤਵੀ ਕਰ ਦਿੰਦੇ ਨੇ ਸਹਿਜ ਸੁਭਾਅ
ਏਸ ਕਦਰ ਵੀ ਕਰਦੇ ਨੇ ਕੁੱਝ ਲੋਕੀਂ ਪੈਰਾਂ ਦੀ ਸੰਭਾਲ

•

⁜

ਕੀ ਫਾਇਦਾ ਹੈ ਪੂਰਬ ਦੇ ਮੱਥੇ ਖੜ੍ਹੇ ਦਾ
ਪਤਾ ਹੀ ਨਾ ਲੱਗਿਆ ਜੇ ਸੂਰਜ ਚੜ੍ਹੇ ਦਾ

ਅਸੀਂ ਅਧ-ਜਲੇ ਬਾਂਸ ਹਾਂ ਓਸੇ ਦੇ ਹੀ
ਨਾ ਕਿੱਸਾ ਸੁਣਾ ਸਾਨੂੰ ਜੰਗਲ ਸੜੇ ਦਾ

ਦਰਖ਼ਤਾਂ ਨੂੰ ਦੱਸਣ ਗਮਲਿਆਂ ਦੇ ਪੌਦੇ
ਸਿਲਾ ਕੀ ਤੂਫ਼ਾਨਾਂ ਦੇ ਮੂਹਰੇ ਅੜੇ ਦਾ

ਉਹਦਾ ਚੰਨ ਹੀ ਉਹਨੂੰ ਮਿਲਿਆ ਨਾ ਜੇਕਰ
ਕਰੂ ਕੀ ਦੁਪੱਟੇ ਸਿਤਾਰੇ ਜੜੇ ਦਾ

ਤੁਹਾਡੇ ਜਿਵੇਂ ਮਹਿਕਦੀ ਕੇਤਕੀ ਹੈ
ਅਸਾਡੇ ਵੀ ਹੈ ਬੂਟਾ ਇੱਕ ਸਰਕੜੇ ਦਾ

ਗ਼ਜ਼ਲ ਤੇਰੀ ਸੁਣ ਕੇ ਵੀ ਕਹਿ ਦਿੰਦੇ 'ਵਾਹ-ਵਾਹ'
ਜੇ 'ਬੱਛੋਆਣੇ' ਹੁੰਦਾ ਤੂੰ ਸਾਡੇ ਧੜੇ ਦਾ

•

✲

ਸਿਲ ਪੱਥਰਾਂ ਦੇ ਮਹਿਲ ਮੁਨਾਰੇ ਢਹਿੰਦੇ-ਢਹਿੰਦੇ ਢਹਿ ਗਏ ਆਖ਼ਰ
ਨਾਮ ਸੁਨਹਿਰੀ ਪੱਤਰਾਂ ਉੱਤੋਂ ਲਹਿੰਦੇ-ਲਹਿੰਦੇ ਲਹਿ ਗਏ ਆਖ਼ਰ

ਅਸਤਰ ਸ਼ਸਤਰ ਗਹਿਣੇ ਵਸਤਰ ਦੇਹਾਂ ਤੇਹਾਂ ਮਾਲ ਖਜ਼ਾਨੇ
ਮਿੱਟੀ ਬਣ ਕੇ ਨਦੀਆਂ ਅੰਦਰ ਵਹਿੰਦੇ-ਵਹਿੰਦੇ ਵਹਿ ਗਏ ਆਖ਼ਰ

ਦੁਨੀਆ ਜਿੱਤਣ ਪਹਿਲੋਂ ਜਿੰਨ੍ਹਾਂ ਰੁਕਣਾ ਬਹਿਣਾ ਢਹਿਣਾ ਨਈਂ ਸੀ
ਉਹ ਲਾਚਾਰੀ ਦੀ ਮੰਜੀ ’ਤੇ ਪੈਂਦੇ-ਪੈਂਦੇ ਪੈ ਗਏ ਆਖ਼ਰ

‘ਲੱਭਿਆਂ ਵੀ ਨਾ ਲੱਭਣਗੇ ਇਹ ਹਰਮਾਂ ਹੌਂਜਾਂ ਮੌਜਾਂ ਵਾਲੇ’
ਬੀਤੇ ਵੇਲੇ ਬੀਤਣ ਵੇਲੇ ਕਹਿੰਦੇ-ਕਹਿੰਦੇ ਕਹਿ ਗਏ ਆਖ਼ਰ

ਧੌਣਾਂ ਤਣਕੇ ਝੱਖੜ ਬਣ ਕੇ ਕਿਣਕੇ ਕੰਕਰ ਪੱਤੇ-ਸੱਤੇ
ਕਿਲਿਆਂ ਦੀਆਂ ਦੀਵਾਰਾਂ ਦੇ ਸੰਗ ਖਹਿੰਦੇ-ਖਹਿੰਦੇ ਖਹਿ ਗਏ ਆਖ਼ਰ

ਕਿੱਸੇ ਬਾਗੀ ਲੋਕਾਂ ਦੇ ਤੇ ਬਚਨ ਫ਼ਕੀਰਾਂ ਨੇ ਜੋ ਕੀਤੇ
ਸ਼ਾਹੀ ਹੱਲਿਆਂ ਦੇ ਮਗਰੋਂ ਵੀ ਰਹਿੰਦੇ-ਰਹਿੰਦੇ ਰਹਿ ਗਏ ਆਖ਼ਰ

•

✲

ਗਵਾ ਕੇ ਬਹੁਤ ਕੁਝ ਤੇ ਕੱਲਿਆਂ ਕੁਰਲਾਉਣ ਤੋਂ ਪਹਿਲਾਂ
ਕਈ ਰਾਹ ਹੋਰ ਵੀ ਸਨ ਇਸ ਤਰਾਂ ਪਛਤਾਉਣ ਤੋਂ ਪਹਿਲਾਂ

ਇਹ ਗੁੰਝਲ ਸੁਲਝ ਜਾਣੀ ਸੀ ਸੁਭਾਵਕ ਹੀ, ਤੁਸੀਂ ਜੇਕਰ
ਜ਼ਰਾ ਮੈਨੂੰ ਵੀ ਸੁਣ ਲੈਂਦੇ ਏਨਾ ਸਮਝਾਉਣ ਤੋਂ ਪਹਿਲਾਂ

ਇਨ੍ਹਾਂ ਜ਼ਖ਼ਮਾਂ ਲਈ ਮਾਫ਼ੀ ਪਰੰਤੂ ਮੈਂ ਵੀ ਸ਼ੀਸ਼ਾ ਸਾਂ
ਕਿਸੇ ਪੱਥਰ ਦੇ ਮੇਰੀ ਜ਼ਿੰਦਗੀ ਵਿਚ ਆਉਣ ਤੋਂ ਪਹਿਲਾਂ

ਗੁਜ਼ਰਨਾ ਹੈ ਜ਼ਰੂਰੀ ਸਾਧਨਾ ਦੇ ਸੇਕ ਵਿੱਚੋਂ ਦੀ
ਕਲਾ ਦੀ ਸਿਖਰ 'ਤੇ ਨਾਂ ਆਪਣਾ ਲਿਖਵਾਉਣ ਤੋਂ ਪਹਿਲਾਂ

ਬੜਾ ਚੰਗਾ ਸੀ ਜੇ ਪਹਿਲਾਂ ਮਨਾਂ ਦੇ ਦਾਗ ਵੀ ਧੋਂਦੇ
ਸਰੀਰਾਂ ਵਸਤਰਾਂ ਨੂੰ ਇਸ ਕਦਰ ਚਮਕਾਉਣ ਤੋਂ ਪਹਿਲਾਂ

•

ਨਿਰੰਕੁਸ਼ ਹੁਕਮ ਤੋਂ ਰੂਹ ਆਪਣੀ ਆਜ਼ਾਦ ਕਰਦਾ ਹਾਂ
ਵਿਵਰਜਤ ਫ਼ਲ ਨੂੰ ਤੋੜਨ ਦਾ ਮੈਂ ਅੱਜ ਅਪਰਾਧ ਕਰਦਾ ਹਾਂ

ਹੰਢਾਉਨਾਂ ਪੀੜ ਭਾਵੇਂ ਪਰ ਨਵੇਂ ਕੁਝ ਸਬਕ ਵੀ ਸਿਖਦਾਂ
ਪੁਰਾਣੇ ਹਾਦਸੇ ਜਦ ਵੀ ਕਦੇ ਮੈਂ ਯਾਦ ਕਰਦਾ ਹਾਂ

ਮੇਰੇ ਪਰ ਕੱਟ ਕੇ ਉਸ ਨੇ ਸਜਾ ਲਏ ਮੁਕਟ 'ਤੇ ਅਪਣੇ
ਤੇ ਕਹਿੰਦਾ, ਜਾਹ ਮੈਂ ਤੈਨੂੰ ਪਿੰਜਰਿਓਂ ਆਜ਼ਾਦ ਕਰਦਾ ਹਾਂ

ਤੁਸੀਂ ਮੂਰਖ ਹੋ, ਫੁੱਲਾਂ ਨਾਲ ਵੀ ਜੋ ਯੁੱਧ ਕਰਦੇ ਹੋ
ਤੇ ਭੋਲ਼ਾ ਮੈਂ ਵੀ ਹਾਂ ਬੰਦੂਕ ਸੰਗ ਸੰਵਾਦ ਕਰਦਾ ਹਾਂ

ਜ਼ਰੂਰੀ ਇਸ ਕਦਰ ਹੋਏ ਉਗਾਉਣੇ ਫੁੱਲ ਧਰਤੀ 'ਤੇ
ਮੈਂ ਅਪਣੇ ਜਿਸਮ ਨੂੰ ਬੰਜਰ ਜ਼ਮੀਂ ਲਈ ਖਾਦ ਕਰਦਾ ਹਾਂ

•

ਨਿਪੱਤਰੇ ਬੂਟਿਆਂ ’ਤੇ ਕੀ ਗਿਲਾ ਹੈ
ਕੁਰੱਖ਼ਤ ਮੌਸਮਾਂ ਦਾ ਸਿਲਸਿਲਾ ਹੈ

ਵਿਚਾਲੇ ਕੱਚ ਦੀ ਦੀਵਾਰ ਹੈ ਇਕ
ਹਾਂ ਕਿੰਨੇ ਕੋਲ਼ ਕਿੰਨਾ ਫ਼ਾਸਲਾ ਹੈ

ਸਮੁੰਦਰ ਲੋਚਦੈ ਭਰਿਆ ਮਿਲੇ ਉਹ
ਸਫ਼ਰ ਦਰਿਆ ਦਾ ਸਾਰਾ ਰੇਤਲਾ ਹੈ

‘ਅਸੀਂ ਹਾਂ ਲੋਕਤੰਤਰ ਦੇ ਬਾਸ਼ਿੰਦੇ’
ਇਹ ਸਾਡੇ ਦੌਰ ਦਾ ਹੀ ਚੁਟਕਲਾ ਹੈ

ਦਿਖਾਏ ਨੇ ਭਰੇ ਦਰਿਆ ਲਹੂ ਦੇ
ਇਹ ਕਿਹੜੇ ਮੁਲਕ ਦੀ ਚਿੱਤਰਕਲਾ ਹੈ

ਬਹੁਤ ਬੇਚੈਨ ਹਾਂ ਬੰਦ ਕਮਰੇ ਅੰਦਰ
ਮੇਰੇ ਸੀਨੇ ’ਚ ਕੋਈ ਜ਼ਲਜ਼ਲਾ ਹੈ

•

ਦੁਨੀਆਦਾਰੀਓਂ ਵਿਹਲਾ ਹੋ ਕੇ ਹਰਫ਼ਾਂ ਕੋਲ਼ੇ ਬਹਿ ਨਾ ਸਕਿਆ
ਦਿਲ ਦੇ ਅੰਦਰ ਦੱਬਿਆ ਸੀ ਜੋ ਸਾਰਾ ਖੁੱਲ੍ਹ ਕੇ ਕਹਿ ਨਾ ਸਕਿਆ

ਟੁਕੜੇ-ਟੁਕੜੇ ਹੋਇਆ ਖ਼ੁਦ ਨੂੰ ਲੋੜੋਂ ਵੱਧ ਤਰਾਸ਼ਣ ਕਰਕੇ
ਚਹੁੰਦਾ ਸੀ ਭਗਵਾਨ ਬਣਾਂਗਾ ਪਰ ਪੱਥਰ ਵੀ ਰਹਿ ਨਾ ਸਕਿਆ

ਮੇਰੀ ਰੂਹ ਦੇ ਜ਼ਖ਼ਮ ਸੀ ਜਿਹੜੇ ਤੈਥੋਂ ਉਹ ਪਹਿਚਾਣ ਨਾ ਹੋਏ
ਅਪਣੀ ਪੀੜਾ ਅਪਣੇ ਮੂੰਹੋਂ ਮੈਂ ਵੀ ਤੈਨੂੰ ਕਹਿ ਨਾ ਸਕਿਆ

ਤਿੱਥ-ਤਰੀਕਾਂ ਸਾਲ ਮਹੀਨੇ ਰੁੱਤਾਂ ਪੌਣਾਂ ਧਰਤੀ ਅੰਬਰ
ਬਦਲ ਗਿਆ ਜਦ ਸਭ ਕੁਝ, ਮੈਂ ਵੀ ਪਹਿਲਾਂ ਵਰਗਾ ਰਹਿ ਨਾ ਸਕਿਆ

ਬੇਸ਼ੱਕ ਮੇਰੇ ਕਮਾਨ ਤੇ ਭੱਥਾ ਤੋੜ ਦਿਓ ਖੜ੍ਹ ਚੌਂਕ ਵਿਚਾਲੇ
ਜੇ ਮੇਰਾ ਕੋਈ ਤੀਰ ਹਨ੍ਹੇਰੇ ਦੇ ਸੀਨੇ ਵਿਚ ਲਹਿ ਨਾ ਸਕਿਆ

ਸਜੇ ਅਖਾੜੇ ਅੰਦਰ ਮੈਨੂੰ ਢਾਹ ਕੇ ਝੰਡੀ ਜਿੱਤ ਲਈ ਉਹਨਾਂ
ਵਕਤ ਦਿਆਂ ਭਲਵਾਨਾਂ ਕੋਲ਼ੋਂ ਦਿਲ ਮੇਰਾ ਪਰ ਢਹਿ ਨਾ ਸਕਿਆ

•

# ਤੁਹਾਡੇ ਲਈ



ਪੰਜਾਬੀ ਗ਼ਜ਼ਲ ਦੀ ਸਦਾਬਹਾਰੀ ਸਥਿਤੀ ਨਵੀਂ ਪੀੜ੍ਹੀ ਦੇ ਸੰਵੇਦਨਸ਼ੀਲ, ਪ੍ਰਤਿਭਾਵਾਨ ਅਤੇ ਸ਼ਿਅਰਕਾਰੀ ਨੂੰ ਸਮਰਪਿਤ ਐਸੇ ਸ਼ਾਇਰਾਂ ਸਦਕਾ ਕਾਇਮ ਹੈ ਜਿੰਨ੍ਹਾਂ ਨੇ ਇਸ ਨੂੰ ਹਮੇਸ਼ਾ ਅਪਣਾ ਤਾਜ਼ਾ ਖ਼ੂਨ ਦਿੱਤਾ ਹੈ। ਕੁਲਵਿੰਦਰ ਬੱਛੋਆਣਾ ਉਹਨਾਂ ਨੌਜਵਾਨ ਗ਼ਜ਼ਲਕਾਰਾਂ ਵਿੱਚੋਂ ਇੱਕ ਹੈ ਜੋ ਗ਼ਜ਼ਲ ਨੂੰ ਨਵੇਂ ਅਸਮਾਨ, ਨਵੇਂ ਸੂਰਜ ਅਤੇ ਨਵੇਂ ਆਯਾਮ ਦੇ ਰਹੇ ਹਨ। ਬੱਛੋਆਣਾ ਦਾ ਭਾਵੇਂ ਇਹ ਪ੍ਰਥਮ ਗ਼ਜ਼ਲ ਸੰਗ੍ਰਹਿ ਹੈ ਪਰ ਵੱਖ-ਵੱਖ ਸ਼ਿਅਰ-ਸਮਰਪਿਤ ਸੰਚਾਰ ਮਾਧਿਅਮਾਂ ਰਾਹੀਂ ਉਸ ਦੀ ਗ਼ਜ਼ਲ ਸਾਹਿਤ ਦੇ ਗਗਨਾਂ ਵਿੱਚ ਇੱਕ ਵੱਡ ਅਕਾਰੀ ਧੂਮਕੇਤੂ ਵਾਂਗ ਪ੍ਰਗਟ ਹੋ ਚੁੱਕੀ ਹੈ।

ਕੁਲਵਿੰਦਰ ਬੱਛੋਆਣਾ ਦੀ ਗ਼ਜ਼ਲ ਵਿੱਚ ਮਨੁੱਖ ਦੇ ਸਾਹਮਣੇ ਆਣ ਖੜ੍ਹੇ ਮਸਲਿਆਂ ਦੀ ਸਹਿਜ ਪੇਸ਼ਕਾਰੀ ਦੇ ਨਾਲ ਨਾਲ ਇਨ੍ਹਾਂ ਦੀ ਜੜ੍ਹ ਨੂੰ ਲੱਭਣ ਦੀ ਸਫਲਤਾ ਹੈ। ਉਸ ਦੇ ਸ਼ਿਅਰਾਂ ਵਿੱਚ ਕਾਵਿ ਸੰਵੇਦਨਾ ਦਾ ਡੂੰਘਾ ਅਨੁਭਵ ਅਤੇ ਦ੍ਰਿਸ਼ਟੀ ਦਾ ਸੁਚੇਤ ਫਲਸਫਾ ਹੈ। ਉਹਨੇ ਅਪਣੀ ਲਿਆਕਤ ਨਾਲ ਲੋਕ ਮੁਖੀ ਵਿਚਾਰਧਾਰਾ ਨੂੰ ਗ਼ਜ਼ਲੀਅਤ ਵਿੱਚ ਢਾਲ਼ ਕੇ ਸਫਲਤਾ ਸਹਿਤ ਪੇਸ਼ ਕੀਤਾ ਹੈ। ਉਸ ਕੋਲ਼ ਆਧੁਨਿਕ ਵਿਅਕਤੀ ਦੇ ਅੰਤਰੀਵੀ ਦਵੰਦਾਂ ਨੂੰ ਹੰਸ ਬੁੱਧ ਨਾਲ ਪਛਾਨਣ ਦੀ ਤੀਸਰੀ ਅੱਖ ਹੈ। ਉਹ ਮਨੁੱਖੀ ਮਨੋਕਾਮਨਾਵਾਂ ਅਤੇ ਖਾਹਿਸ਼ਾਂ ਨੂੰ ਸਤਿਕਾਰਤ ਸਥਿਤੀ ਵਿੱਚ ਰੱਖ ਕੇ ਸਮਾਜਿਕ, ਸਭਿਆਚਾਰਕ ਮਰਿਆਦਾਵਾਂ ਤੇ ਨੀਤੀਗਤ ਵਰਜਣਾਵਾਂ ਨੂੰ ਅਸੀਮ ਦਵੰਦ ਦੇ ਢਾਂਚੇ ਵਿੱਚ ਪੇਸ਼ ਕਰਦਾ ਹੈ।

ਬੱਛੋਆਣਾ ਦੀ ਗ਼ਜ਼ਲ ਆਧੁਨਿਕ ਅਤੇ ਪੁਰ ਅਹਿਸਾਸ ਵਿਅਕਤੀ ਦੇ ਜਜ਼ਬਾਤਾਂ ਦੀ ਸ਼ਬਦਕਾਰੀ ਹੈ। ਉਹ ਇਤਿਹਾਸ ਮਿਥਿਹਾਸ ਅਤੇ ਲੋਕਧਾਰਾਈ ਦ੍ਰਿਸ਼ਟੀ ਪੇਸ਼ ਕਰਨ ਸਮੇ ਨਵੇਂ ਸੰਕਲਪੀ ਅਰਥਾਂ ਨੂੰ ਜਨਮਦਾ ਹੈ। ਉਸ ਦੇ ਸ਼ਿਅਰ ਹਨ੍ਹੇਰੇ ਘਰਾਂ ਵਾਸਤੇ ਆਸ ਦੇ ਦੀਪ, ਬੇਹਿੱਸ ਕਾਫ਼ਲਿਆਂ ਲਈ ਨਖਲਿਸਤਾਨ, ਦੱਬੇ ਕੁਚਲਿਆਂ ਤੇ ਬੇਸਹਾਰਿਆਂ ਵਾਸਤੇ ਜ਼ਿੰਦਗੀ ਦਾ ਨਾਹਰਾ ਅਤੇ ਅਣਹੋਣੀਆਂ ਦੇ ਧੁੰਦੂਕਾਰਿਆਂ ਵਿੱਚ ਹੋਣੀਆਂ ਦੀ ਸਨਮੁੱਖਤਾ ਹਨ।

ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਜਿਸ ਨਵੀਂ ਗ਼ਜ਼ਲ ਪ੍ਰਤਿਭਾ ਵਾਲੇ ਨੌਜਵਾਨ ਸ਼ਾਇਰ ਦੀ ਭਾਲ਼ ਵਿੱਚ ਸਾਂ, ਉਹ ਮੈਨੂੰ ਕੁਲਵਿੰਦਰ ਬੱਛੋਆਣਾ ਦੇ ਰੂਪ 'ਚ ਮਿਲ ਗਿਆ ਹੈ। ਜੇ ਉਸ ਵਿੱਚ ਗ਼ਜ਼ਲ ਪ੍ਰਤੀ ਐਸਾ ਹੀ ਇਸ਼ਕ, ਸੰਵੇਦਨਾ ਤੇ ਪੰਜਾਬੀ ਗ਼ਜ਼ਲ-ਆਚਾਰ ਕਾਇਮ ਰਿਹਾ ਤਾਂ ਉਹ ਸਾਡੇ ਗ਼ਜ਼ਲ ਗਗਨਾਂ ਦਾ ਸਭ ਤੋਂ ਵਧੇਰੇ ਲੋਕਤਾ ਮੁਖੀ ਆਭਾ ਵਾਲਾ ਸਿਤਾਰਾ ਹੋਵੇਗਾ।

-ਸੁਲੱਖਣ ਸਰਹੱਦੀ

ISBN : 978-93-85670-61-9
9789385670619
₹ 150
GRACIOUS BOOKS